੧੨੨

ਗਿਆਨ / ਗੁਰੂ ਗਿਆਨ

(ਸੰਪਾਦਕ: ਅਨੰਤ ਪ੍ਰਵਾਹ ਟ੍ਰੱਸਟ ਯੂ.ਕੇ.)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਭ ਤੋਂ ਪਹਿਲੀ ਬਾਣੀ "ਜਪੁ" ਵਿੱਚ "ਗਿਆਨ" ਦਾ ਵੇਰਵਾ ਇਸ ਤਰ੍ਹਾਂ ਮਿਲਦਾ ਹੈ:

- ਸੁਣਿਐ ਸਤੁ ਸੰਤੋਖੁ ਗਿਆਨੁ॥ (੩)

- ਅਸੰਖ ਭਗਤ ਗੁਣ ਗਿਆਨ ਵੀਚਾਰ॥ (੪)

- ਅਖਰੀ ਗਿਆਨੁ ਗੀਤ ਗੁਣ ਗਾਹ॥ (੪)

- ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ॥ (੬)

- ਜੋਰੁ ਨ ਸੁਰਤੀ ਗਿਆਨਿ ਵੀਚਾਰਿ॥ (੭)

- ਗਿਆਨ ਖੰਡ ਕਾ ਆਖਹੁ ਕਰਮੁ॥ (੭)

- ਗਿਆਨ ਖੰਡ ਮਹਿ ਗਿਆਨੁ ਪਰਚੰਡੁ॥ ਤਿਥੈ ਨਾਦ ਬਿਨੋਦ ਕੋਡ ਅਨੰਦੁ॥ (੭)

ਗਿਆਨ ਦੇ ਦੋ ਪੱਖ ਹਨ, ਪਹਿਲਾ ਅਧਿਆਤਮਿਕ ਗਿਆਨ ਤੇ ਦੂਜਾ ਸੰਸਾਰਿਕ ਗਿਆਨ ਭਾਵ ਮਾਇਕ ਪਦਾਰਥਾਂ ਦਾ ਗਿਆਨ। ਪ੍ਰਭੂ ਪ੍ਰੇਮ-ਰੰਗ ਤੋਂ ਸੱਖਣਾ, ਕੇਵਲ ਧਾਰਮਿਕ ਪੁਸਤਕਾਂ ਦਾ ਗਿਆਨੀ, ਆਪਣੀ ਸਖਸ਼ੀ ਪੂਜਾ ਕਰਵਾਉਣ ਹਿੱਤ, ਅੱਡਰਾ ਡੇਰਾ ਸਿਰਜ ਕੇ ਧਰਮ-ਗੁਰੂ ਬਣ ਬੈਠਦਾ ਹੈ। ਸਮਝਣ ਯੋਗ ਗੱਲ ਇਹ ਹੈ ਕਿ ਅਸਲ ਗੁਰੂ ਦ੍ਰਿਸ਼ਟਮਾਨ ਦੇਹ ਨਹੀਂ ਸਗੋਂ ਮਨੁੱਖ ਦਾ ਗੁਰੂ "ਗਿਆਨ" ਹੁੰਦਾ ਹੈ। ਨਾਸਵੰਤ ਸਰੀਰ ਨੂੰ ਹੀ ਗੁਰੂ ਮੰਨ ਲੈਣਾ ਭੁੱਲ ਹੈ। ਜਿਹੜਾ ਮਨੁੱਖ ਅੱਜ ਵੱਡਾ ਆਚਾਰੀਆ ਸਮਝ ਕੇ ਸਤਿਕਾਰਿਆ ਅਤੇ ਗੁਰੂ ਮੰਨਿਆ ਜਾਂਦਾ ਹੈ, ਜਿਹੜਾ ਰਾਜੇ ਮਹਾਰਾਜਿਆਂ ਲਈ ਵੀ ਪੂਜਨੀਕ ਹੈ, ਜਿਸ ਦੇ ਦਰਸ਼ਨਾਂ ਲਈ ਲੱਖਾਂ ਲੋਕ ਆ ਜੁੜਦੇ ਹਨ, ਪਰ ਜੇ ਕਿਧਰੇ ਉਹ ਪਾਗਲ ਹੋ ਜਾਵੇ ਅਤੇ ਮਨੁੱਖਤਾ ਲਈ ਖ਼ਤਰਾ ਬਣ ਜਾਵੇ ਤਾਂ ਉਸ ਨੂੰ ਪਾਗਲਖਾਨੇ ਬੰਦ ਕਰਨਾ ਪੈ ਜਾਂਦਾ ਹੈ। ਉਹੀ ਸਰੀਰ ਜੋ ਕੱਲ੍ਹ ਪੂਜਨੀਕ ਸੀ ਅੱਜ ਮਨੁੱਖਤਾ ਲਈ ਖ਼ਤਰਨਾਕ ਤੇ ਡਰਾਉਣਾ ਬਣ ਗਿਆ।

ਸੰਸਾਰਕ ਵਿੱਦਿਆ ਮਨੁੱਖ ਨੂੰ ਸਮਾਜ ਵਿੱਚ ਆਦਰ ਪ੍ਰਦਾਨ ਕਰਵਾਉਂਦੀ ਹੈ। ਪਰ ਬ੍ਰਹਮ ਗਿਆਨ ਅਥਵਾ ਪ੍ਰਭੂ ਸਿਫ਼ਤ-ਸਲਾਹ ਦੀ ਬਾਣੀ ਜੇ ਕਿਧਰੇ ਅਪਵਿੱਤਰ ਸਮਝੇ ਜਾਂਦੇ ਕਾਗ਼ਜ਼ ਉਪਰ ਲਿਖ ਦਿੱਤੀ ਜਾਵੇ ਤਾਂ ਉਹ ਕਾਗ਼ਜ਼ ਪੂਜਨੀਕ ਬਣ ਜਾਂਦਾ ਹੈ। ਤਾੜ ਦੇ ਰੁੱਖ ਵਿੱਚੋਂ ਨਸ਼ੀਲਾ ਪਾਣੀ ਨਿਕਲਦਾ ਹੈ, ਇਸ ਲਈ ਤਾੜ ਦੇ ਰੁੱਖ ਨੂੰ ਅਤੇ ਉਸ ਤੋਂ ਬਣੇ ਕਾਗ਼ਜ਼ ਨੂੰ ਅਪਵਿੱਤਰ ਮੰਨਿਆ ਜਾਂਦਾ ਹੈ, ਪਰ ਜਦੋਂ ਉਸੇ ਕਾਗ਼ਜ਼ ਉੱਪਰ ਪ੍ਰਮਾਤਮਾ ਦੇ ਇਲਾਹੀ ਬੋਲ ਲਿਖ ਦਿੱਤੇ ਜਾਣ ਤਾਂ ਉਹ ਪੂਜਨੀਕ ਬਣ ਜਾਂਦਾ ਹੈ।

- ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ ਜੈਸੇ ਕਾਗਰਾ ਕਰਤ ਬੀਚਾਰੰ॥
ਭਗਤਿ ਭਾਗਉਤੁ ਲਿਖੀਐ ਤਿਹ ਊਪਰੇ ਪੂਜੀਐ ਕਰਿ ਨਮਸਕਾਰੰ॥ (੧੨੯੩)

ਗਿਆਨਹੀਣ ਮਨੁੱਖ ਦਾ ਸਰੀਰ ਭਾਵੇਂ ਸੁੰਦਰ ਤੇ ਸਡੌਲ ਹੋਵੇ, ਕੇਵਲ ਇਸ ਗੁਣ ਨਾਲ ਉਹ ਨਾ ਤਾਂ ਅਧਿਆਪਕ ਬਣ ਸਕਦਾ ਹੈ ਅਤੇ ਨਾ ਹੀ ਧਰਮ-ਗੁਰੂ। ਸੰਸਾਰਕ ਵਿੱਦਿਆ ਸਿਖਲਾਈ ਕੇਂਦਰਾਂ ਅਥਵਾ ਧਰਮਸ਼ਾਲਾਵਾਂ ਵਿੱਚ ਕੇਵਲ ਗਿਆਨ ਦੀ ਪ੍ਰਧਾਨਗੀ ਹੀ ਹੁੰਦੀ ਹੈ ਇਸ ਲਈ ਸਿੱਧ ਹੈ ਕਿ ਮਨੁੱਖ ਨਹੀਂ ਸਗੋਂ ਗਿਆਨ ਹੀ ਗੁਰੂ ਹੈ।

- ਗਿਆਨ ਗੁਰੂ ਆਤਮ ਉਪਦੇਸਹੁ ਧਿਆਨ ਬਿਭੂਤ ਲਗਾਵਹੁ॥ (ਸ਼ਬਦ ਹਜ਼ਾਰੇ ਪਾ:੧੦)

– ਕਹੁ ਕਬੀਰ ਮੈ ਸੋ ਗੁਰੁ ਪਾਇਆ ਜਾ ਕਾ ਨਾਉ ਬਿਬੇਕੁ॥ (੭੯੩)

ਮਹਾਨਕੋਸ਼ ਅਨੁਸਾਰ **"ਗਿਆਨ"** ਦਾ ਪਹਿਲਾ ਅਰਥ ਜਾਨਣਾ, ਬੋਧ, ਸਮਝ ਅਤੇ ਇਲਮ ਹੈ ਜਦਕਿ ਦੂਜਾ ਅਰਥ **"ਪਾਰਬ੍ਰਹਮ ਜੋ ਗਿਆਨ-ਰੂਪ ਹੈ"** ਲਿਖਿਆ ਹੈ। ਜਿੱਥੇ **"ਗਿਆਨ"** ਗੁਰੂ ਹੈ ਅਕਾਲ ਪੁਰਖ **"ਪਰਮ ਗਿਆਨ"** ਹੈ। ਏਹੀ ਕਾਰਨ ਹੈ ਕਿ ਜੋ ਭਾਗਾਂ ਵਾਲਾ ਮਨੁੱਖ ਅਕਾਲਪੁਰਖ ਨਾਲ ਅਭੇਦ ਹੋ ਜਾਂਦਾ ਹੈ, **"ਪਰਮ-ਗਿਆਨੀ"** ਬਣ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਅਤੇ ਬਾਕੀ ਗੁਰੂ ਸਾਹਿਬਾਨ ਕਿਸੇ ਸੰਸਾਰਿਕ ਯੂਨੀਵਰਸਿਟੀ ਵਿੱਚ ਨਹੀਂ ਪੜ੍ਹੇ ਅਤੇ ਨਾ ਹੀ ਭਗਤ ਸਾਹਿਬਾਨ, ਪਰ ਉਨ੍ਹਾਂ ਦਾ ਗਿਆਨ ਸਮਝ ਲੈਣ ਵਾਲੇ ਪੀ.ਐਚ.ਡੀ ਦੀਆਂ ਡਿਗਰੀਆਂ ਲੈ ਕੇ ਡਾਕਟਰ ਬਣ ਰਹੇ ਹਨ। ਸੋ ਅਕਾਲ ਪੁਰਖ ਸਭ ਤਰ੍ਹਾਂ ਦੇ ਗਿਆਨ ਦਾ ਸੋਮਾ ਹੈ। ਜਿਸ ਦੇ ਹਿਰਦੇ ਵਿੱਚ ਪ੍ਰਭੂ ਗਿਆਨ ਪ੍ਰਗਟ ਹੋ ਗਿਆ, ਉਹ ਪਰਮ ਗਿਆਨੀ ਬਣ ਗਿਆ। ਪ੍ਰਭੂ ਨਾਲ ਜੁੜਿਆ ਮਨੁੱਖ ਸਿਧ, ਪੀਰ, ਸੁਰਿ, ਨਾਥ, ਈਸਰ, ਬ੍ਰਹਮਾ, ਇੰਦਰ ਕਥਿਤ ਦੇਵਤਿਆਂ ਵਾਲੀ ਕਰਾਮਾਤੀ ਬੁੱਧ-ਗਿਆਨ ਦਾ ਮਾਲਕ ਬਣ ਜਾਂਦਾ ਹੈ। ਅਭੁੱਲ ਗਿਆਨ-ਰਉ (ਪ੍ਰਮਾਤਮਾ) ਵਿੱਚ ਲੀਨ ਹੋਇਆ ਪ੍ਰਾਣੀ ਅਭੁੱਲ ਗੁਰੂ (ਗੁਰੂ ਨਾਨਕ ਜੀ) ਬਣ ਜਾਂਦਾ ਹੈ:

– ਮਨ ਮੰਦਰਿ ਜੇ ਦੀਪਕੁ ਜਾਲੇ ਕਾਇਆ ਸੇਜ ਕਰੇਈ॥
ਗਿਆਨ ਰਾਉ ਜਬ ਸੇਜੈ ਆਵੈ ਤ ਨਾਨਕ ਭੋਗੁ ਕਰੇਈ॥(੩੫੯)

ਗਿਆਨ ਦੇ ਇਹ ਪੱਖ

੧. ਪ੍ਰਭੂ ਨਿਰਅਕਾਰ ਅਤੇ ਅਦ੍ਰਿਸ਼ਟ ਹੈ, ਦ੍ਰਿਸ਼ਟਮਾਨ ਆਕਾਰ ਗਿਆਨ ਦਾ ਵੀ ਕੋਈ ਨਹੀਂ ਹੈ।

੨. ਪ੍ਰਭੂ ਬੇਅੰਤ, ਅਗੰਮ ਅਤੇ ਅਥਾਹ ਹੈ (ਪ੍ਰਭੂ ਵਿੱਚ ਲੀਨ ਹੋ ਚੁੱਕੇ ਪ੍ਰਭੂ ਦਾ ਰੂਪ ਬਣ ਚੁੱਕੀ ਮਹਾਨ ਆਤਮਾ ਤੋਂ ਬਿਨਾਂ), ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਪੂਰੇ ਗਿਆਨ ਦੀ ਥਾਹ ਵੀ ਕਦੇ ਕਿਸੇ ਨੇ ਨਹੀਂ ਪਾਈ।

੩. ਪ੍ਰਮਾਤਮਾ ਹੀ ਪਰਮ ਗੁਰੂ ਹੈ, ਪ੍ਰਭੂ ਹੀ ਗਿਆਨ ਦਾ ਦਾਤਾ ਹੈ, ਪਰ ਪ੍ਰਭੂ ਅਜੂਨੀ ਅਤੇ ਨਿਰ-ਆਕਾਰ ਹੋਣ ਕਰਕੇ ਲੋਕਾਂ ਨੂੰ ਵਿੱਦਿਆ ਪੜ੍ਹਾਉਣ ਦਾ ਕੰਮ ਸਿੱਧਾ ਆਪ ਨਹੀਂ ਕਰ ਰਿਹਾ। ਗਿਆਨ ਵੰਡਣ ਦਾ ਕਾਰਜ ਪ੍ਰਭੂ "ਮਨੁੱਖ" ਦੁਆਰਾ ਕਰਵਾ ਰਿਹਾ ਹੈ।

ਧਿਆਨ ਰਹੇ! ਬ੍ਰਾਹਮਣ ਦੇ ਲਿਖੇ ਪੁਰਾਣਾਂ ਵਿੱਚ ਬ੍ਰਹਮ-ਗਿਆਨ ਦਾ ਉਪਦੇਸ਼ ਅਥਵਾ ਵੇਦਾਂ ਦੀ ਤਾਲੀਮ ਦੀ ਸਿਖਲਾਈ, ਪਸ਼ੂ ਪੰਖੀਆਂ ਦੁਆਰਾ ਦਿੱਤੀ ਜਾਂਦੀ ਦਰਸਾਈ ਗਈ ਹੈ ਜੋ ਕੁਦਰਤੀ ਨਿਯਮਾਂ ਦੇ ਵਿਰੁੱਧ ਹੋਣ ਕਰਕੇ ਕੋਰਾ ਝੂਠ ਹੈ। ਅਭਿਆਸ ਨਾਲ ਸਿਖਲਾਈ ਦਿੰਦੇ ਰਹਿਣ ਨਾਲ ਪਸ਼ੂ ਪੰਛੀ ਕਈ ਕੁਝ ਕਰਨਾ ਅਤੇ ਸਮਝਣਾ ਸਿੱਖ ਜਾਂਦੇ ਹਨ ਪਰ ਉਹ ਗਿਆਨੀ ਹਰਗਿਜ਼ ਨਹੀਂ ਬਣ ਸਕਦੇ। ਉਨ੍ਹਾਂ ਦੀ ਸਾਰੀ ਕਿਰਿਆ ਅੱਡੋ ਅੱਡਰੀ ਨਸਲ ਦੇ ਪਸ਼ੂ ਪੰਛੀਆਂ ਵਿੱਚ ਅੱਡੋ-ਅੱਡਰੀ ਅਤੇ ਮਸ਼ੀਨੀ ਹੁੰਦੀ ਹੈ, ਜਦਕਿ ਮਨੁੱਖ ਆਪਣੇ ਗਿਆਨ ਵਿੱਚ ਵਾਧਾ ਕਰ ਸਕਦਾ ਹੈ।

੪. ਸੰਸਾਰ ਵਿੱਚ ਗਿਆਨ ਸਦਾ ਮਨੁੱਖ ਦੁਆਰਾ ਹੀ ਜਨਮਿਆ ਅਤੇ ਫੈਲਿਆ ਹੈ। ਧਰਤੀ ਤੇ ਟਿਕੇ ਰਹਿਣ ਲਈ ਮਨੁੱਖਾ ਸਰੀਰ ਤੋਂ ਛੁੱਟ ਗਿਆਨ ਅੱਖਰਾਂ ਦਾ ਕੈਦੀ ਬਣ ਕੇ ਕਿਸੇ (ਪੱਥਰ, ਮਿੱਟੀ, ਧਾਤ, ਲੱਕੜ, ਕਾਗ਼ਜ਼, ਭੋਜ ਪੱਤਰ ਆਦਿ) ਦ੍ਰਿਸ਼ਟਮਾਨ ਸਰੀਰ ਦਾ ਸਦੀਵੀ ਮੁਥਾਜ ਹੈ।

੫. ਗਿਆਨ ਮਨ ਤੇ ਕਾਬੂ ਪਾ ਸਕਦਾ ਹੈ ਪਰ ਚੰਚਲ ਅਤੇ ਅਮੋੜ ਮਨ ਨੂੰ ਕਾਬੂ ਕਰ ਸਕਣ ਵਾਸਤੇ ਗਿਆਨ ਦੀ ਪ੍ਰਾਪਤੀ ਸਤਿਗੁਰਾਂ ਤੋਂ ਹੀ ਸੰਭਵ ਹੈ:

– ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ॥ (੪੬੯)

੬. ਗਿਆਨ ਤੋਂ ਬਿਨਾਂ ਧਰਮ ਅਉਝੜੇ ਪੈ ਜਾਂਦਾ ਹੈ। ਜਿਨ੍ਹਾਂ ਸਿਧਾਂਤਾਂ ਦੇ ਕਾਰਨ ਕੋਈ ਧਰਮ ਹਰਮਨ ਪਿਆਰਾ ਬਣਿਆ ਹੋਵੇ ਉਨ੍ਹਾਂ ਤੋਂ ਅਗਿਆਨੀ ਹੋ ਜਾਣ ਨਾਲ ਧਰਮ ਦੀ ਨੁਹਾਰ ਵਿਗੜ ਜਾਂਦੀ ਹੈ ਅਤੇ ਵੱਡੇ ਤੋਂ ਵੱਡਾ ਧਰਮ ਵੀ ਠੱਗ-ਵੈਰੀਆਂ ਦੇ ਕਾਬੂ ਆ ਕੇ ਆਪਣਾ ਗੌਰਵ ਗੁਆ ਬੈਠਦਾ ਹੈ।

੭. ਲੋਕਾਂ ਦੀ ਕਮਾਈ ਤੋਂ ਆਪ ਧਨੀ ਬਣਨ ਵਾਲਾ ਧਰਮ-ਆਗੂ (ਜਥੇਦਾਰ, ਗ੍ਰੰਥੀ, ਰਾਗੀ, ਭੇਖੀ ਸੰਤ, ਅਖੌਤੀ ਮਹਾਂਪੁਰਖ, ਡੇਰੇਦਾਰ ਆਦਿ) ਚੰਗੀ ਤਰ੍ਹਾਂ ਸਮਝਦਾ ਹੈ ਕਿ ਉਸ ਦੀ ਸਾਰੀ ਖੱਟੀ ਕਮਾਈ ਲੋਕਾਂ ਦੀ ਅਗਿਆਨਤਾ ਵਿੱਚ ਹੀ ਹੈ। ਇਸ ਲਈ ਇਹ ਭੱਦਰ ਪੁਰਸ਼ ਲੋਕਾਂ ਨੂੰ ਧਰਮ ਦੇ ਤੱਤ ਗਿਆਨ ਤੋਂ ਕੋਰੇ ਰੱਖਕੇ ਸਦਾ ਵੱਧ ਤੋਂ ਵੱਧ ਭਰਮੀ ਬਣਾਈ ਰੱਖਣ ਵਿੱਚ ਹੀ ਆਪਣੀ ਭਲਾਈ ਸਮਝਦੇ ਹਨ। ਅਗਿਆਨੀ ਮਨੁੱਖ ਹੀ ਸਦਾ ਭਰਮ ਵਿੱਚ ਫਸਦਾ ਹੈ।

- ਭਰਮਿ ਭੂਲੇ ਅਗਿਆਨੀ ਅੰਧੁਲੇ ਕ੍ਰਮਿ ਕ੍ਰਮਿ ਫੂਲ ਤੋਰਾਵੈ॥ (੧੨੬੪)

ਗੁਰਮਤਿ ਗਿਆਨ

ਅਗਿਆਨਤਾ ਵੱਸ ਅੱਜ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਿਰਮਲ ਧਰਮ ਦੀ ਰੂਪ-ਰੇਖਾ ਵਿਗੜਦੀ ਜਾ ਰਹੀ ਹੈ। ਸੰਸਾਰਕ ਗਿਆਨ ਤੋਂ ਅਣਜਾਣ ਹੋਣਾ ਇੰਨਾ ਦੁੱਖਦਾਈ ਨਹੀਂ ਜਿੰਨਾ ਗੁਰੂ-ਗਿਆਨ ਨੂੰ ਸਮਝਣ ਦੀ ਲੋੜ ਤਿਆਗ ਬੈਠਣਾ ਹੈ। ਖ਼ਾਲਸੇ ਦੀ ਚੜ੍ਹਦੀ ਕਲਾ ਤੋਂ ਸਾੜਾ ਖਾ ਕੇ ਬਣੇ ਵੈਰੀਆਂ ਨੇ ਖ਼ਾਲਸੇ ਅੰਦਰ ਫੁੱਟ ਦੇ ਬੀਜ਼ ਪਾ ਕੇ ਕੌਮ ਨੂੰ ਤਕੜੇ ਅਤੇ ਲੰਬੇ ਸੰਘਰਸ਼ ਵਿੱਚ ਉਲਝਾ ਦਿੱਤਾ ਹੈ। ਉਂਗਲਾਂ ਤੇ ਗਿਣੇ ਜਾਣ ਵਾਲੇ ਗੁਰਸਿੱਖਾਂ ਤੋਂ ਛੁੱਟ ਬਾਕੀ ਸਾਰਾ ਸਿੱਖ ਜਗਤ ਗੁਰਮਤਿ ਤੱਤ ਗਿਆਨ ਤੋਂ ਕੋਰਾ ਰਹਿ ਗਿਆ ਹੈ। ਏਹੀ ਕਾਰਨ ਹੈ ਕਿ ਅੱਜ ਜਿੰਨ੍ਹੇ ਭੇਖੀ ਸਾਧ, ਸੰਤ, ਕਥਿਤ ਮਹਾਂਪੁਰਖ ਅਤੇ ਡੇਰੇਦਾਰਾਂ ਨੇ ਇਸ ਛੋਟੇ ਜਿਹੇ ਪੰਥ ਅੰਦਰ ਘੁਸ ਕੇ ਇਸ ਨੂੰ ਘੇਰਾ ਪਾ ਲਿਆ ਹੈ। ਇਹ ਗੁਰੂ-ਗਿਆਨ ਤੋਂ ਕੋਰੇ ਡੇਰੇਦਾਰ ਅਤੇ ਭੇਖੀ ਬਨਾਰਸ ਦੇ ਠੱਗ ਚੰਗੀ ਤਰ੍ਹਾਂ ਜਾਣਦੇ ਹਨ ਕਿ ਗੁਰਮਤਿ-ਗਿਆਨ ਤੋਂ ਵਾਂਝਿਆਂ ਰੱਖ ਕੇ ਜਿੰਨੇ ਵੱਧ ਲੋਕੀ ਭਰਮੀ ਬਣਨਗੇ, ਉਨੀਆਂ ਹੀ ਵੱਧ ਕਮਾਈਆਂ ਹੋਣਗੀਆਂ। ਇਨ੍ਹਾਂ ਕਥਿਤ ਧਰਮ-ਆਗੂਆਂ ਨੇ ਬ੍ਰਾਹਮਣੀ ਨੀਤੀ ਅਧੀਨ ਅਗਿਆਨਤਾ ਦਾ ਹਨੇਰਾ ਹੋਰ ਗੂੜਾ ਕਰਨ ਲਈ ਬੇ-ਦਲੀਲਾ ਕੋਰਾ ਝੂਠ ਸੱਚ ਬਣਾ ਕੇ ਪ੍ਰਚਾਰਨਾ ਆਰੰਭ ਕਰ ਦਿੱਤਾ ਕਿ ਗੁਰਬਾਣੀ ਦੇ ਅਰਥ ਕਰਕੇ ਸਤਿਗੁਰਾਂ ਨੂੰ ਨੰਗਾ ਕਰਨ ਦਾ ਪਾਪ ਹੈ। ਇਸ ਲਈ ਗੁਰਬਾਣੀ ਦੀ ਵਿਚਾਰ ਕਰਨੀ ਜਾਂ ਗੁਰਬਾਣੀ ਦੇ ਗਿਆਨ ਨੂੰ ਸਮਝਣਾ ਗੁਰਬਾਣੀ ਦੀ ਅਵੱਗਿਆ ਹੈ। ਆਪਣੀ ਕੱਚ-ਘੜ੍ਹਤ ਦਲੀਲ ਨੂੰ ਗੁਰਮਤਿ ਸਿੱਧ ਕਰਨ ਲਈ ਗੁਰਬਾਣੀ ਦੀ ਇਹ ਪੰਗਤੀ ਵਰਤਣੀ ਆਰੰਭ ਕੀਤੀ ਹੋਈ ਹੈ ਕਿ:

- ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ॥ (੯੩੫)

ਫਿਰ ਇਹ ਕਹਿਣਾ ਕਿ ਇਸ ਬਾਣੀ ਨੂੰ ਕੇਵਲ ਉਹੀ ਵਿਚਾਰ ਸਕਦਾ ਹੈ ਜੋ ਗੁਰੂ ਨਾਨਕ ਸਾਹਿਬ ਦੀ ਅਵੱਸਥਾ ਤੇ ਪੁੱਜਿਆ ਹੋਵੇ। ਹਾਲਾਂਕਿ ਦੱਖਣੀ ਓਅੰਕਾਰ ਦੇ ਇਸ ਸ਼ਬਦ ਵਿੱਚ ਸਤਿਗੁਰਾਂ ਨੇ ਬ੍ਰਾਹਮਣ ਨੂੰ ਸੰਬੋਧਨ ਕਰਕੇ ਗੁਰਮਤਿ-ਗਿਆਨ ਸਮਝਾਇਆ ਹੈ। ਸ਼ਬਦ ਦਾ ਭਾਵ ਇਹੀ ਹੈ ਕਿ ਜਿਵੇਂ ਸਚਿਆਰ ਅਤੇ ਭਲੇ ਮਨੁੱਖ ਬੜੇ ਵਿਰਲੇ ਹਨ, ਉਵੇਂ ਹੀ ਸਤਿਗੁਰਾਂ ਦੀ ਬਾਣੀ ਦੀ ਵਿਚਾਰ ਨਾਲ ਜੁੜਨ ਵਾਲੇ, ਗੁਰਬਾਣੀ ਸਿੱਖਿਆ ਅਨੁਸਾਰ ਆਪਣੀ ਜੀਵਨ-ਜੁਗਤ ਬਣਾ ਲੈਣ ਵਾਲੇ ਗੁਰਸਿੱਖ ਵੀ ਵਿਰਲੇ ਹੀ ਹਨ। ਇਨ੍ਹਾਂ ਕੁਟਲ ਨੀਤੀਬਾਜ਼ਾਂ ਧਰਮੀ ਆਗੂਆਂ ਨੇ ਗੁਰਬਾਣੀ ਦੇ ਮੰਤ੍ਰ-ਪਾਠਾਂ ਦਾ ਵਿਧੀ ਪੂਰਬਕ ਕਰੀ ਜਾਣ ਨਾਲ ਸਰਬ ਫਲਾਂ ਦੀ ਪ੍ਰਾਪਤੀ ਹੋ ਸਕਣ ਦਾ ਭਰਮ ਵੀ ਪੱਕਾ ਕਰ ਦਿੱਤਾ ਹੈ। ਇਨ੍ਹਾਂ ਦੀ ਕ੍ਰਿਪਾ ਦੁਆਰਾ ਹੀ ਅੱਜ ਸਿੱਖਾਂ ਦੀ ਬਹੁਗਿਣਤੀ ਗੁਰਮਤਿ-ਗਿਆਨ ਨੂੰ ਸਮਝਣ ਦੀ ਲੋੜ ਮੁਕਾਈ ਬੈਠੀ ਹੈ। ਮੰਤ੍ਰ ਪਾਠ, ਕਥਾ ਕੀਰਤਨ, ਦਾਨ-ਪੁੰਨ, ਸਰੋਵਰਾਂ ਦੇ ਤੀਰਥ ਇਸ਼ਨਾਨ ਆਦਿ ਸਭੋ ਕੁਝ ਨਿਰੋਲ ਕਰਮਕਾਂਡੀ ਰੂਪ ਧਾਰਨ ਕਰੀ ਬੈਠਾ ਹੈ:

- ਝੂਠੀ ਦੁਰਮਤਿ ਕੀ ਚਤੁਰਾਈ॥ ਬਿਨਸਤ ਬਾਰ ਨ ਲਾਗੈ ਕਾਈ॥ (੧੩੪੫)

ਆਪਣੇ ਆਪ ਵਿੱਚ ਨਿਆਰਾ ਬਣ ਬੈਠਾ ਖ਼ਾਲਸਾ ਸਤਿਗੁਰਾਂ ਦੇ ਇਸ ਮੁਖਵਾਕ ਦੇ ਭਾਵ ਨੂੰ ਸਮਝਣ ਤੋਂ ਕੋਹਾਂ ਦੂਰ ਜਾ ਚੁੱਕਾ ਹੈ:

– ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ॥ ਲਖ ਚਉਰਾਸੀਹ ਫੇਰੁ ਪਇਆ ਮਰਿ ਜੰਮੈ ਹੋਇ ਖੁਆਰੁ॥ (੮੮)

ਅਗਿਆਨੀ ਮਨੁੱਖ ਭਰਮੀ ਹੋਣ ਦੇ ਨਾਲ ਹੰਕਾਰੀ ਵੀ ਹੁੰਦਾ ਹੈ। ਅੱਜ ਤਕਰੀਬਨ ਸਾਰੇ ਗੁਰਦੁਆਰਿਆਂ ਵਿੱਚ ਚੌਧਰ ਖਾਤਰ ਗੁਰਮਤਿ ਤੋਂ ਅਗਿਆਨੀ ਅਤੇ ਸੁਆਰਥੀ ਮਨੁੱਖ ਪ੍ਰਬੰਧਕ ਬਣੇ ਹੋਏ ਹਨ। ਜਿਹੜਾ ਖ਼ਾਲਸਾ ਪੰਥ ਸਭ ਪ੍ਰਕਾਰ ਦੇ ਭਰਮਾਂ ਭੁਲੇਖਿਆਂ ਨੂੰ ਦੂਰ ਕਰਨ ਲਈ ਪ੍ਰਗਟ ਹੋਇਆ ਸੀ, ਅੱਜ ਉਸੇ ਨਿਰਮਲ ਪੰਥ ਵਿੱਚ ਬਿਪ੍ਰੀ ਭਰਮ ਨਿਰੰਤਰ ਵੜੀ ਤੁਰੇ ਜਾ ਰਹੇ ਹਨ। ਸਤਿਗੁਰਾਂ ਦੀ ਬਖਸ਼ੀ ਨਿਆਰੀ ਤੇ ਨਿਰਮਲ ਮਰਿਆਦਾ ਜਿਸ ਦਾ ਧਾਰਨੀ ਬਣ ਕੇ ਗੁਰੂ ਦਾ ਸਿੱਖ ਮਨੁੱਖਤਾ ਦੇ ਉੱਚ ਗੁਣਾਂ ਦਾ ਭੰਡਾਰ ਬਣ ਗਿਆ ਸੀ, ਅੱਜ ਗੁਰਮਤਿ-ਗਿਆਨ ਤੋਂ ਅਗਿਆਨਤਾ ਵਸ, ਉਹੀ ਪਾਵਨ ਗੁਰਮਤਿ ਮਰਿਆਦਾ ਦਿਨੋ ਦਿਨ ਦੂਸ਼ਿਤ ਹੁੰਦੀ ਤੁਰੀ ਜਾ ਰਹੀ ਹੈ। ਜਿਸ ਮਰਿਆਦਾ ਦਾ ਧਾਰਨੀ ਬਣ ਕੇ ਖ਼ਾਲਸਾ ਸੰਸਾਰ ਵਿੱਚ ਸਿਤਾਰੇ ਵਾਂਗ ਚਮਕ ਪਿਆ ਸੀ, ਅੱਜ ਉਹੀ ਖ਼ਾਲਸਾ ਪਾਵਨ ਅਤੇ ਅਨੂਪਮ ਮਰਿਆਦਾ ਤੋਂ ਕੋਹਾਂ ਦੂਰ ਹੁੰਦਾ ਜਾ ਰਿਹਾ ਹੈ। ਗਿਆਨਹੀਣ ਭਰਮੀ ਸਿੱਖਾਂ ਨੇ ਆਪਣੇ ਨਿਰਮਲ ਪੰਥ ਨੂੰ ਮੈਲਾ ਕਰਨਾ ਆਰੰਭ ਕਰ ਦਿੱਤਾ ਹੋਇਆ ਹੈ। ਗੁਰੂ ਨਾਨਕ ਦੇਵ ਜੀ ਦੇ ਆਮ ਸਿੱਖ ਦੀ ਅੱਜ ਇਹ ਹਾਲਤ ਬਣ ਚੁੱਕੀ ਹੈ ਕਿ:

– ਗਿਆਨ ਹੀਣੰ ਅਗਿਆਨ ਪੂਜਾ॥ ਅੰਧ ਵਰਤਾਵਾ ਭਾਉ ਦੂਜਾ॥ (੧੪੧੨)

ਆਤਮਿਕ ਗਿਆਨ ਦੀ ਸਿਖਲਾਈ ਲਈ ਗੁਰੂ ਨਾਨਕ ਸਾਹਿਬ ਨੇ "ਧਰਮਸ਼ਾਲਾ" ਬਣਾਈ ਸੀ ਜੋ ਅੱਜ ਗੁਰਦੁਆਰਾ ਭਾਵ ਗੁਰੂ ਘਰ ਬਣ ਚੁੱਕਾ ਹੈ। ਭਾਵ ਗੁਰੂ ਦੀ ਪੂਜਾ ਕਰਕੇ ਗੁਰੂ ਕੋਲੋਂ ਸੰਸਾਰੀ ਲੋੜਾਂ ਪੂਰੀਆਂ ਕਰਨ ਵਾਲਾ ਦੇਵ-ਮੰਦਰ ਬਣ ਚੁੱਕਾ ਹੈ। ਖ਼ਾਲਸਾ ਇਸ ਸੱਚਾਈ ਨੂੰ ਬਿਲਕੁਲ ਭੁੱਲ ਚੁੱਕਾ ਹੈ ਕਿ ਗਿਆਨ ਬਿਨਾਂ ਧਰਮ ਦੀ ਹੋਂਦ ਖ਼ਤਰੇ ਵਿੱਚ ਪੈ ਜਾਂਦੀ ਹੈ:

– ਕਬੀਰਾ ਜਹਾ ਗਿਆਨੁ ਤਹ ਧਰਮੁ ਹੈ ਜਹਾ ਝੂਠੁ ਤਹ ਪਾਪੁ॥ (੧੩੭੨)

ਗਿਆਨ ਤੋਂ ਬਿਨਾਂ ਧਰਮ ਦਾ ਰਹਿਣਾ ਅਸੰਭਵ ਬਣ ਜਾਂਦਾ ਹੈ।

ਅਕਾਲ ਪੁਰਖ ਵਾਹਿਗੁਰੂ ਦੇ ਚਰਨਾਂ ਵਿੱਚ ਜੋਦੜੀ ਹੈ ਕਿ ਆਪ ਹੀ ਮਿਹਰ ਕਰੋ ਅਤੇ ਆਪ ਹੀ ਆਪਣੇ ਖ਼ਾਲਸਾ ਪੰਥ ਨੂੰ ਸੁਮੱਤ ਬਖਸ਼ੋ:

– ਸਾ ਬੁਧਿ ਦੀਜੈ ਜਿਤੁ ਵਿਸਰਹਿ ਨਾਹੀ॥ (੧੦੦)

– ਸਾ ਮਤਿ ਦੇਹੁ ਦਇਆਲ ਪ੍ਰਭ ਜਿਤੁ ਤੁਮਹਿ ਅਰਾਧਾ॥ (੬੭੭)

ਅਗਿਆਨਤਾ ਦੇ ਅੰਧਕਾਰ ਵਿੱਚ ਗੁਰੂ ਦਾ ਉਪਦੇਸ਼ ਹੀ ਚਾਨਣ ਮੁਨਾਰਾ ਹੈ।

– ਅੰਧਕਾਰ ਮਹਿ ਗੁਰ ਮੰਤ੍ਰੁ ਉਜਾਰਾ॥ (੮੬੪)

ਅਤੇ ਫਿਰ ਕਿਉਂਕਿ ਆਤਮਕ ਜੀਵਨ ਦਾ ਉਪਦੇਸ਼ ਕੇਵਲ ਸਤਿਗੁਰਾਂ ਪਾਸੋਂ ਹੀ ਮਿਲਦਾ ਹੈ:

– ਬਿਨੁ ਗੁਰ ਦੀਖਿਆ ਕੈਸੇ ਗਿਆਨੁ॥ (੧੧੪੦)

ਗੁਰ-ਸ਼ਬਦ ਦੀ ਵਿਚਾਰ ਕੀਤਿਆਂ ਸਮਝ ਪੈਂਦੀ ਹੈ ਕਿ:

– ਗੁਰੁ ਮੇਰਾ ਗਿਆਨੁ ਗੁਰੁ ਰਿਦੈ ਧਿਆਨੁ॥ ਗੁਰੁ ਗੋਪਾਲੁ ਪੁਰਖੁ ਭਗਵਾਨੁ॥
ਗੁਰ ਕੀ ਸਰਣਿ ਰਹਉ ਕਰ ਜੋਰਿ॥ ਗੁਰੂ ਬਿਨਾ ਮੈ ਨਾਹੀ ਹੋਰੁ॥ (੮੬੪)

ਗੁਰਮਤਿ ਤੱਤ ਗਿਆਨ ਦੀ ਪ੍ਰਾਪਤੀ ਦੇ ਅਭਿਲਾਖੀਆਂ ਲਈ ਸਤਿਗੁਰੂ ਨਾਨਕ ਨਿਰੰਕਾਰੀ ਜੀ ਦਾ ਫੁਰਮਾਨ ਹੈ:

– ਨਾਨਕ ਗੁਰੁ ਸੰਤੋਖੁ ਰੁਖੁ ਧਰਮੁ ਫੁਲੁ ਫਲ ਗਿਆਨੁ॥ ਰਸਿ ਰਸਿਆ ਹਰਿਆ ਸਦਾ ਪਕੈ ਕਰਮਿ ਧਿਆਨਿ॥
ਪਤਿ ਕੇ ਸਾਦ ਖਾਦਾ ਲਹੈ ਦਾਨਾ ਕੈ ਸਿਰਿ ਦਾਨੁ॥ (੧੪੭)

– ਬਾਵਰੇ ਤੈ ਗਿਆਨ ਬੀਚਾਰੁ ਨ ਪਾਇਆ॥ ਬਿਰਥਾ ਜਨਮੁ ਗਵਾਇਆ॥ (੭੯੩)

– ਐਸਾ ਗਿਆਨੁ ਬੀਚਾਰੈ ਕੋਈ॥ ਤਿਸ ਤੇ ਮੁਕਤਿ ਪਰਮ ਗਤਿ ਹੋਈ॥ (੮੭੯)

ਜਿਸ ਨੇ ਗੁਰਮਤਿ-ਗਿਆਨ ਵਿਚਾਰ ਦੀ ਲੋੜ ਮੁਕਾ ਦਿੱਤੀ ਉਹ ਪੈਦਾ ਹੀ ਕਿਉਂ ਹੋਇਆ:

– ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ॥ ਬਿਧਵਾ ਕਸ ਨ ਭਈ ਮਹਤਾਰੀ॥ (੩੨੮)

– ਕਬੀਰਾ ਜਹਾ ਗਿਆਨੁ ਤਹ ਧਰਮੁ ਹੈ ਜਹਾ ਝੂਠੁ ਤਹ ਪਾਪੁ॥
ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ॥ (੧੩੭੨)

– ਮਾਇਆ ਮਮਤਾ ਤਨ ਤੇ ਭਾਗੀ ਉਪਜਿਓ ਨਿਰਮਲ ਗਿਆਨੁ॥
ਲੋਭ ਮੋਹ ਏਹ ਪਰਸਿ ਨ ਸਾਕੈ ਗਹੀ ਭਗਤਿ ਭਗਵਾਨ॥ (੧੧੮੬)

– ਬਾਵਨ ਅਖਰ ਜੋਰੇ ਆਨਿ॥ ਸਕਿਆ ਨ ਅਖਰੁ ਏਕੁ ਪਛਾਨਿ॥
ਸਤ ਕਾ ਸਬਦੁ ਕਬੀਰਾ ਕਹੈ॥ ਪੰਡਿਤ ਹੋਇ ਸੁ ਅਨਭੈ ਰਹੈ॥
ਪੰਡਿਤ ਲੋਗਹ ਕਉ ਬਿਉਹਾਰ॥ ਗਿਆਨਵੰਤ ਕਉ ਤਤੁ ਬੀਚਾਰ॥
ਜਾ ਕੈ ਜੀਅ ਜੈਸੀ ਬੁਧਿ ਹੋਈ॥ ਕਹਿ ਕਬੀਰ ਜਾਨੈਗਾ ਸੋਈ॥ (੩੪੩)

ਗਿਆਨ ਅੰਜਨ

– ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥
ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥ (੨੯੩)

– ਸਦਾ ਸਦਾ ਸਤਿਗੁਰ ਨਮਸਕਾਰ॥ ਗੁਰ ਕਿਰਪਾ ਤੇ ਗੁਨ ਗਾਇ ਅਪਾਰ॥
ਮਨ ਭੀਤਰਿ ਹੋਵੈ ਪਰਗਾਸੁ॥ ਗਿਆਨ ਅੰਜਨੁ ਅਗਿਆਨ ਬਿਨਾਸੁ॥ (੧੨੩੫)

– ਜਲਿ ਥਲਿ ਮਹੀਅਲਿ ਸੁਆਮੀ ਸੋਈ॥ ਅਵਰੁ ਨ ਕਹੀਐ ਦੂਜਾ ਕੋਈ॥
ਗੁਰ ਗਿਆਨ ਅੰਜਨਿ ਕਾਟਿਓ ਭ੍ਰਮੁ ਸਗਲਾ ਅਵਰੁ ਨ ਦੀਸੈ ਏਕ ਬਿਨਾ॥ (੧੦੭੯)

– ਗਿਆਨ ਅੰਜਨੁ ਭੈ ਭੰਜਨਾ ਦੇਖੁ ਨਿਰੰਜਨ ਭਾਇ॥ ਗੁਪਤੁ ਪ੍ਰਗਟੁ ਸਭ ਜਾਣੀਐ ਜੇ ਮਨੁ ਰਾਖੈ ਠਾਇ॥
ਐਸਾ ਸਤਿਗੁਰੁ ਜੇ ਮਿਲੈ ਤਾ ਸਹਜੇ ਲਏ ਮਿਲਾਇ॥ (੫੭)

– ਗਿਆਨ ਅੰਜਨੁ ਸਤਿਗੁਰ ਤੇ ਹੋਇ॥ ਰਾਮ ਨਾਮੁ ਰਵਿ ਰਹਿਆ ਤਿਹੁ ਲੋਇ॥ (੧੧੩੦)

– ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ॥ ਭਰਮ ਅੰਧੇਰ ਬਿਨਾਸ ਗਿਆਨ ਗੁਰ ਅੰਜਨਾ॥
ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ॥
ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ॥
ਅਗਾਧਿ ਬੋਧ ਸਮਰਥ ਸੁਆਮੀ ਸਰਬ ਕਾ ਭਉ ਭੰਜਨਾ॥
ਨਾਨਕੁ ਪਇਅੰਪੈ ਚਰਣ ਜੰਪੈ ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ॥ (੪੫੬)

ਉਪਰਲੇ ਗੁਰੂ ਸ਼ਬਦਾਂ ਦੀ ਵਿਚਾਰ ਤੋਂ ਸਪੱਸ਼ਟ ਹੈ ਕਿ ਗਿਆਨ ਅੰਜਨ ਦਾ ਅਰਥ ਹੈ ਕਿ ਪ੍ਰਭੂ ਦੀ ਸਰਬ ਵਿਆਪਕਤਾ ਦੀ ਸੋਝੀ ਆ ਜਾਣੀ। ਅਜੇਹੀ ਨਜ਼ਰ ਮਿਲ ਜਾਣੀ ਜੋ ਹਰ ਥਾਂ ਪ੍ਰਭੂ ਹੀ ਪ੍ਰਭੂ ਵਸਦਾ ਵੇਖੇ ਅਤੇ ਪ੍ਰਭੂ-ਛੋਹ ਤੋਂ ਉਪਜਦੇ ਦੈਵੀ ਅਨੰਦ ਨਾਲ ਅਜੇਹੇ ਭਾਗਾਂ ਵਾਲੇ ਮਨੁੱਖ ਦਾ ਹਿਰਦਾ ਸਦਾ ਖਿੜਿਆ ਹੋਵੇ।

ਗੁਰੂ-ਮਤਿ ਗਿਆਨ ਦੀ ਮਹਿਮਾ

- ਮਨੁ ਕੁੰਚਰੁ ਪੀਲਕੁ ਗੁਰੂ ਗਿਆਨੁ ਕੁੰਡਾ ਜਹ ਖਿੰਚੇ ਤਹ ਜਾਇ॥
  ਨਾਨਕ ਹਸਤੀ ਕੁੰਡੇ ਬਾਹਰਾ ਫਿਰਿ ਫਿਰਿ ਉਝੜਿ ਪਾਇ॥ (੫੧੬)

- ਜੀਅਰੇ ਰਾਮ ਜਪਤ ਮਨੁ ਮਾਨੁ॥ ਅੰਤਰਿ ਲਾਗੀ ਜਲਿ ਬੁਝੀ ਪਾਇਆ ਗੁਰਮੁਖਿ ਗਿਆਨੁ॥ (੨੦)

- ਗੁਰ ਗਿਆਨੁ ਮਨਿ ਦ੍ਰਿੜਾਏ ਰਹਸਾਏ ਨਹੀ ਆਏ ਸਹਜਾਏ ਮਨਿ ਨਿਧਾਨੁ ਪਾਏ॥
  ਸਭ ਤਜੀ ਮਨੈ ਕੀ ਕਾਮ ਕਰਾ॥ ਚਿਰੁ ਚਿਰੁ ਚਿਰੁ ਚਿਰੁ ਭਇਆ ਮਨਿ ਬਹੁਤੁ ਪਿਆਸ ਲਾਗੀ॥
  ਹਰਿ ਦਰਸਨੋ ਦਿਖਾਵਹੁ ਮੋਹਿ ਤੁਮ ਬਤਾਵਹੁ॥ ਨਾਨਕ ਦੀਨ ਸਰਣਿ ਆਏ ਗਲਿ ਲਾਏ॥ (੪੦੮)

- ਅੰਤਰਿ ਸਬਦੁ ਮਿਟਿਆ ਅਗਿਆਨੁ ਅੰਧੇਰਾ॥ ਸਤਿਗੁਰ ਗਿਆਨੁ ਮਿਲਿਆ ਪ੍ਰੀਤਮੁ ਮੇਰਾ॥
  ਜੋ ਸਚਿ ਰਾਤੇ ਤਿਨ ਬਹੁੜਿ ਨ ਫੇਰਾ॥ ਨਾਨਕ ਨਾਮੁ ਦ੍ਰਿੜਾਏ ਪੂਰਾ ਗੁਰੁ ਮੇਰਾ॥ (੭੯੮)

- ਜਿਨਿ ਏਹੁ ਚਾਖਿਆ ਰਾਮ ਰਸਾਇਣੁ ਤਿਨ ਕੀ ਸੰਗਤਿ ਖੋਜੁ ਭਇਆ॥
  ਰਿਧਿ ਸਿਧਿ ਬੁਧਿ ਗਿਆਨੁ ਗੁਰੂ ਤੇ ਪਾਇਆ ਮੁਕਤਿ ਪਦਾਰਥੁ ਸਰਣਿ ਪਇਆ॥ (੯੦੭)

- ਰਾਮ ਹਰਿ ਅੰਮ੍ਰਿਤ ਸਰਿ ਨਾਵਾਰੇ॥ ਸਤਿਗੁਰਿ ਗਿਆਨੁ ਮਜਨੁ ਹੈ ਨੀਕੋ ਮਿਲਿ ਕਲਮਲ ਪਾਪ ਉਤਾਰੇ॥ (੯੮੧)

- ਭਇਓ ਪ੍ਰਗਾਸੁ ਸਰਬ ਉਜੀਆਰਾ ਗੁਰ ਗਿਆਨੁ ਮਨਹਿ ਪ੍ਰਗਟਾਇਓ॥
  ਅੰਮ੍ਰਿਤੁ ਨਾਮੁ ਪੀਓ ਮਨੁ ਤ੍ਰਿਪਤਿਆ ਅਨਭੈ ਠਹਰਾਇਓ॥ (੨੦੯)

- ਸਤਿਗੁਰ ਤੇ ਗੁਣ ਊਪਜੈ ਜਾ ਪ੍ਰਭੁ ਮੇਲੈ ਸੋਇ॥ ਸਹਜੇ ਨਾਮੁ ਧਿਆਈਐ ਗਿਆਨੁ ਪਰਗਟੁ ਹੋਇ॥ (੪੨੮)

ਗੁਰੂ ਗਿਆਨ "ਤੀਰਥ"

ਹਿਰਦੇ ਦੇ ਅੰਦਰ ਬਣ ਜਾਣ ਵਾਲੇ ਪਵਿੱਤਰ ਤੀਰਥ ਦੀ ਸੋਝੀ ਸਤਿਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਵਿੱਚ ਕਰਾ ਦਿੱਤੀ ਹੈ:

- ਸੁਣਿਆ ਮੰਨਿਆ ਮਨਿ ਕੀਤਾ ਭਾਉ॥ ਅੰਤਰਗਤਿ ਤੀਰਥਿ ਮਲਿ ਨਾਉ॥ (੪)

ਇਸ ਸਿਧਾਂਤ ਨੂੰ ਗੁਰਬਾਣੀ ਵਿੱਚ ਕਈ ਥਾਈਂ ਸਪੱਸ਼ਟ ਕੀਤਾ ਗਿਆ ਹੈ। ਕੁੱਝ ਪਾਵਨ ਵਾਕ ਵਿਚਾਰੀਏ ਜਿਨ੍ਹਾਂ ਵਿੱਚ ਹਿਰਦੇ ਵਿੱਚ ਵਸੇ ਗੁਰੂ-ਗਿਆਨ ਨੂੰ ਤੀਰਥ ਫੁਰਮਾਇਆ ਹੈ:

- ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥ ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥ (੬੮੭)

- ਅੰਤਰਿ ਗਿਆਨੁ ਮਹਾ ਰਸੁ ਸਾਰਾ॥ ਤੀਰਥ ਮਜਨੁ ਗੁਰ ਵੀਚਾਰਾ॥
  ਅੰਤਰਿ ਪੂਜਾ ਥਾਨੁ ਮੁਰਾਰਾ॥ ਜੋਤੀ ਜੋਤਿ ਮਿਲਾਵਣਹਾਰਾ॥ (੪੧੧)

ਜਿਸ ਮਨੁੱਖ ਨੇ ਆਪਣੇ ਅੰਦਰ ਆਤਮਕ ਗਿਆਨ ਵਸਾ ਲਿਆ ਜੋ ਸਦਾ ਸ੍ਰੇਸ਼ਟ ਨਾਮ ਮਹਾਂਰਸ ਪੀ ਰਿਹਾ ਹੈ, ਜਿਸ ਨੇ ਸਤਿਗੁਰੂ ਦੀ ਬਾਣੀ ਦੀ ਵਿਚਾਰ ਨੂੰ ਅਠਾਹਟ ਤੀਰਥਾਂ ਦਾ ਇਸ਼ਨਾਨ ਬਣਾ ਲਿਆ ਹੈ, ਜਿਸ ਨੇ ਆਪਣੇ

ਹਿਰਦੇ ਨੂੰ ਪ੍ਰਮਾਤਮਾ ਦੇ ਰਹਿਣ ਲਈ ਮੰਦਰ ਬਣਾਇਆ ਹੈ ਤੇ ਅੰਤਰ ਆਤਮੇ ਉਸ ਦੀ ਪੂਜਾ ਕਰਦਾ ਹੈ, ਉਹ ਆਪਣੀ ਜੋਤਿ ਨੂੰ ਪ੍ਰਮਾਤਮਾ ਦੀ ਜੋਤਿ ਵਿੱਚ ਮਿਲਾ ਲੈਂਦਾ ਹੈ।

- ਸਤਿਗੁਰਿ ਸੇਵਿਐ ਸਦਾ ਸੁਖੁ ਜਨਮ ਮਰਣ ਦੁਖੁ ਜਾਇ॥ ਚਿੰਤਾ ਮੂਲਿ ਨ ਹੋਵਈ ਅਚਿੰਤੁ ਵਸੈ ਮਨਿ ਆਇ॥
  ਅੰਤਰਿ ਤੀਰਥੁ ਗਿਆਨੁ ਹੈ ਸਤਿਗੁਰਿ ਦੀਆ ਬੁਝਾਇ॥ (੫੮੭)

ਗੁਰੂ ਗਿਆਨ "ਅੰਮ੍ਰਿਤ"

- ਜਗਤ ਉਧਾਰਣੁ ਨਵ ਨਿਧਾਨੁ ਭਗਤਹ ਭਵ ਤਾਰਣੁ॥ ਅੰਮ੍ਰਿਤ ਬੂੰਦ ਹਰਿ ਨਾਮੁ ਬਿਸੁ ਕੀ ਬਿਖੈ ਨਿਵਾਰਣੁ॥
  ਸਹਜ ਤਰੋਵਰ ਫਲਿਓ ਗਿਆਨ ਅੰਮ੍ਰਿਤ ਫਲ ਲਾਗੇ॥ ਗੁਰ ਪ੍ਰਸਾਦਿ ਪਾਈਅਹਿ ਧੰਨਿ ਤੇ ਜਨ ਬਡਭਾਗੇ॥
  ਤੇ ਮੁਕਤੇ ਭਏ ਸਤਿਗੁਰ ਸਬਦਿ ਮਨਿ ਗੁਰ ਪਰਚਾ ਪਾਇਅਉ॥
  ਗੁਰ ਰਾਮਦਾਸ ਕਲ੍ਹਚਰੈ ਤੈ ਸਬਦ ਨੀਸਾਨੁ ਬਜਾਇਅਉ॥ (੧੩੯੭)

- ਸਾਚਾ ਹਰਖੁ ਨਾਹੀ ਤਿਸੁ ਸੋਗੁ॥ ਅੰਮ੍ਰਿਤੁ ਗਿਆਨੁ ਮਹਾ ਰਸੁ ਭੋਗੁ॥
  ਪੰਚ ਸਮਾਈ ਸੁਖੀ ਸਭੁ ਲੋਗੁ॥ (੪੧੪)

ਗੁਰੂ ਗਿਆਨ "ਦੀਪਕ"

- ਗੁਰੁ ਪਰਮੇਸਰੁ ਗੁਰੁ ਗੋਬਿੰਦੁ॥ ਗੁਰੁ ਕਰਤਾ ਗੁਰੁ ਸਦ ਬਖਸੰਦੁ॥
  ਗੁਰ ਜਪੁ ਜਾਪਿ ਜਪਤ ਫਲੁ ਪਾਇਆ ਗਿਆਨ ਦੀਪਕੁ ਸੰਤ ਸੰਗਨਾ॥ (੧੦੮੦)

ਗੁਰੂ ਗਿਆਨ "ਰਤਨ"

- ਸਤਿਗੁਰ ਬੰਧਨ ਤੋੜਿ ਨਿਰਾਰੇ ਬਹੁੜਿ ਨ ਗਰਭ ਮਝਾਰੀ ਜੀਉ॥
  ਨਾਨਕ ਗਿਆਨ ਰਤਨੁ ਪਰਗਾਸਿਆ ਹਰਿ ਮਨਿ ਵਸਿਆ ਨਿਰੰਕਾਰੀ ਜੀਉ॥ (੫੯੮)

ਹੇ ਸਤਿਗੁਰੂ! ਮਾਇਆ ਦੇ ਬੰਧਨ ਤੋੜ ਕੇ ਜਿੰਨ੍ਹਾਂ ਬੰਦਿਆਂ ਨੂੰ ਤੂੰ ਮਾਇਆ ਤੋਂ ਨਿਰਲੇਪ ਕਰ ਦਿੰਦਾ ਹੈਂ, ਉਹ ਮੁੜ ਜਨਮ ਮਰਨ ਦੇ ਗੇੜ ਵਿੱਚ ਨਹੀਂ ਪੈਂਦੇ। ਗੁਰੂ ਦੀ ਕਿਰਪਾ ਦੁਆਰਾ ਜਿਨ੍ਹਾਂ ਦੇ ਅੰਦਰ ਪ੍ਰਮਾਤਮਾ ਦੇ ਗਿਆਨ ਦਾ ਰਤਨ ਚਮਕ ਪੈਂਦਾ ਹੈ, ਉਨ੍ਹਾਂ ਦੇ ਮਨ ਵਿੱਚ ਹਰੀ ਨਿਰੰਕਾਰ ਆਪ ਆ ਵੱਸਦਾ ਹੈ।

- ਗਿਆਨ ਰਤਨੁ ਮਨਿ ਪਰਗਟੁ ਭਇਆ॥ ਨਾਮੁ ਪਦਾਰਥੁ ਸਹਜੇ ਲਇਆ॥
  ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ॥
  ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ॥ ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ॥
  ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ॥ (੧੦੬੯)

- ਸਾਚਾ ਨਾਮੁ ਸਲਾਹੀਐ ਸਾਚੇ ਤੇ ਤ੍ਰਿਪਤਿ ਹੋਇ॥ ਗਿਆਨ ਰਤਨਿ ਮਨੁ ਮਾਜੀਐ ਬਹੁੜਿ ਨ ਮੈਲਾ ਹੋਇ॥
  ਜਬ ਲਗੁ ਸਾਹਿਬੁ ਮਨਿ ਵਸੈ ਤਬ ਲਗੁ ਬਿਘਨੁ ਨ ਹੋਇ॥
  ਨਾਨਕ ਸਿਰੁ ਦੇ ਛੁਟੀਐ ਮਨਿ ਤਨਿ ਸਾਚਾ ਸੋਇ॥ (੯੯੨)

- ਬਾਬਾ ਮਾਇਆ ਮੋਹ ਹਿਤੁ ਕੀਨ੍॥ ਜਿਨਿ ਗਿਆਨੁ ਰਤਨੁ ਹਿਰਿ ਲੀਨ੍॥ (੪੮੨)

- ਇਸੁ ਤਨ ਮਨ ਮਧੇ ਮਦਨ ਚੋਰ॥ ਜਿਨਿ ਗਿਆਨ ਰਤਨੁ ਹਿਰਿ ਲੀਨ ਮੋਰ॥
  ਮੈ ਅਨਾਥੁ ਪ੍ਰਭ ਕਹਉ ਕਾਹਿ॥ ਕੋ ਕੋ ਨ ਬਿਗੂਤੋ ਮੈ ਕੋ ਆਹਿ॥ (੧੧੯੪)

ਗੁਰੂ ਗਿਆਨ "ਪਦਾਰਥ"

- ਸਚਾ ਨੇਹੁ ਨ ਤੁਟਈ ਜੇ ਸਤਿਗੁਰੁ ਭੇਟੈ ਸੋਇ॥ ਗਿਆਨ ਪਦਾਰਥੁ ਪਾਈਐ ਤ੍ਰਿਭਵਣ ਸੋਝੀ ਹੋਇ॥
  ਨਿਰਮਲੁ ਨਾਮੁ ਨ ਵੀਸਰੈ ਜੇ ਗੁਣ ਕਾ ਗਾਹਕੁ ਹੋਇ॥ (੬੦)

- ਮਨਮੁਖਿ ਭੂਲੈ ਭੁਲਾਈਐ ਭੂਲੀ ਠਉਰ ਨ ਕਾਇ॥ ਗੁਰ ਬਿਨੁ ਕੋ ਨ ਦਿਖਾਵਈ ਅੰਧੀ ਆਵੈ ਜਾਇ॥
  ਗਿਆਨ ਪਦਾਰਥੁ ਖੋਇਆ ਠਗਿਆ ਮੁਠਾ ਜਾਇ॥ (੬੦)

- ਗੁਰ ਗਿਆਨੁ ਪਦਾਰਥੁ ਨਾਮੁ ਹੈ ਹਰਿ ਨਾਮੋ ਦੇਇ ਦ੍ਰਿੜਾਇ॥
  ਜਿਸੁ ਪਰਾਪਤਿ ਸੋ ਲਹੈ ਗੁਰ ਚਰਣੀ ਲਾਗੈ ਆਇ॥ (੭੫੯)

- ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ॥
  ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਪ੍ਰਚੰਡੁ ਬਲਾਇਆ॥
  ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ ਹਰਿ ਰਤਨੁ ਪਦਾਰਥੁ ਲਾਧਾ॥
  ਹਉਮੈ ਰੋਗੁ ਗਇਆ ਦੁਖੁ ਲਾਥਾ ਆਪੁ ਆਪੈ ਗੁਰਮਤਿ ਖਾਧਾ॥ (੭੮)

- ਹੋਵੈ ਸੁਖੁ ਘਣਾ ਦਯਿ ਧਿਆਇਐ॥ ਵੰਞੈ ਰੋਗਾ ਘਾਣਿ ਹਰਿ ਗੁਣ ਗਾਇਐ॥
  ਅੰਦਰਿ ਵਰਤੈ ਠਾਢਿ ਪ੍ਰਭਿ ਚਿਤਿ ਆਇਐ॥ ਪੂਰਨ ਹੋਵੈ ਆਸ ਨਾਇ ਮੰਨਿ ਵਸਾਇਐ॥
  ਕੋਇ ਨ ਲਗੈ ਬਿਘਨੁ ਆਪੁ ਗਵਾਇਐ॥ ਗਿਆਨ ਪਦਾਰਥੁ ਮਤਿ ਗੁਰ ਤੇ ਪਾਇਐ॥
  ਤਿਨਿ ਪਾਏ ਸਭੇ ਥੋਕ ਜਿਸੁ ਆਪਿ ਦਿਵਾਇਐ॥ ਤੂੰ ਸਭਨਾ ਕਾ ਖਸਮੁ ਸਭ ਤੇਰੀ ਛਾਇਐ॥ (੫੨੦)

ਪ੍ਰਮਾਤਮਾ ਦਾ ਮਿਲਾਪ ਪਰਮ ਪਦਾਰਥ ਹੈ:

- ਅੰਤਰਿ ਸਬਦੁ ਮਿਟਿਆ ਅਗਿਆਨੁ ਅੰਧੇਰਾ॥ ਸਤਿਗੁਰ ਗਿਆਨੁ ਮਿਲਿਆ ਪ੍ਰੀਤਮੁ ਮੇਰਾ॥
  ਜੋ ਸਚਿ ਰਾਤੇ ਤਿਨ ਬਹੁੜਿ ਨ ਫੇਰਾ॥ ਨਾਨਕ ਨਾਮੁ ਦ੍ਰਿੜਾਏ ਪੂਰਾ ਗੁਰੁ ਮੇਰਾ॥ (੭੯੮)

ਗੁਰਮਤਿ ਗਿਆਨ ਦਾ ਅਰਥ ਹੈ ਹੀ ਆਤਮ ਜੀਵਨ ਦੀ ਸੂਝ ਅਥਵਾ ਬ੍ਰਹਮ ਨਾਲ ਜਾਣ ਪਛਾਣ ਦਾ ਗਿਆਨ। ਫਿਰ ਵੀ "ਬ੍ਰਹਮ ਗਿਆਨ" ਪਦ ਦੀ ਵਰਤੋਂ ਵਾਲੇ ਗੁਰੂ ਸ਼ਬਦ ਵੀ ਹਨ।

- ਪੋਥੀ ਪਰਮੇਸਰ ਕਾ ਥਾਨੁ॥ ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ॥ (੧੨੨੬)

- ਕਬੀਰ ਮਨੁ ਸੀਤਲੁ ਭਇਆ ਪਾਇਆ ਬ੍ਰਹਮ ਗਿਆਨੁ॥
  ਜਿਨਿ ਜੁਆਲਾ ਜਗੁ ਜਾਰਿਆ ਸੁ ਜਨ ਕੇ ਉਦਕ ਸਮਾਨਿ॥ (੧੩੭੩)

ਗੁਰੂ ਗਿਆਨ "ਖੜਗ"

- ਗੁਰ ਤੇ ਗਿਆਨੁ ਪਾਇਆ ਅਤਿ ਖੜਗੁ ਕਰਾਰਾ॥ ਦੂਜਾ ਭ੍ਰਮੁ ਗੜੁ ਕਟਿਆ ਮੋਹੁ ਲੋਭੁ ਅਹੰਕਾਰਾ॥
  ਹਰਿ ਕਾ ਨਾਮੁ ਮਨਿ ਵਸਿਆ ਗੁਰ ਸਬਦਿ ਵੀਚਾਰਾ॥ ਸਚ ਸੰਜਮਿ ਮਤਿ ਊਤਮਾ ਹਰਿ ਲਗਾ ਪਿਆਰਾ॥
  ਸਭੁ ਸਚੋ ਸਚੁ ਵਰਤਦਾ ਸਚੁ ਸਿਰਜਣਹਾਰਾ॥ (੧੦੮੭)

– ਕਾਮੁ ਕ੍ਰੋਧੁ ਅਹੰਕਾਰੁ ਨਿਵਾਰੇ॥ ਤਸਕਰ ਪੰਚ ਸਬਦਿ ਸੰਘਾਰੇ॥
ਗਿਆਨ ਖੜਗੁ ਲੈ ਮਨ ਸਿਉ ਲੂਝੈ ਮਨਸਾ ਮਨਹਿ ਸਮਾਈ ਹੇ॥ (੧੦੨੨)

– ਹਰਿ ਕਾ ਨਾਮੁ ਕੋਟਿ ਲਖ ਬਾਹਾ॥ ਹਰਿ ਜਸੁ ਕੀਰਤਨੁ ਸੰਗਿ ਧਨੁ ਤਾਹਾ॥
ਗਿਆਨ ਖੜਗੁ ਕਰਿ ਕਿਰਪਾ ਦੀਨਾ ਦੂਤ ਮਾਰੇ ਕਰਿ ਧਾਈ ਹੇ॥ (੧੦੨੨)

– ਚੰਦਨ ਵਾਸੁ ਭੁਇਅੰਗਮ ਵੇੜੀ ਕਿਵ ਮਿਲੀਐ ਚੰਦਨੁ ਲੀਜੈ॥
ਕਾਢਿ ਖੜਗੁ ਗੁਰ ਗਿਆਨੁ ਕਰਾਰਾ ਬਿਖੁ ਛੇਦਿ ਛੇਦਿ ਰਸੁ ਪੀਜੈ॥ (੧੩੨੪)

– ਮਾਇਆ ਮੋਹਿ ਜਗੁ ਭਰਮਿਆ ਘਰੁ ਮੁਸੈ ਖਬਰਿ ਨ ਹੋਇ॥ ਕਾਮ ਕ੍ਰੋਧਿ ਮਨੁ ਹਿਰਿ ਲਇਆ ਮਨਮੁਖ ਅੰਧਾ ਲੋਇ॥
ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ॥ ਨਾਮ ਰਤਨੁ ਪਰਗਾਸਿਆ ਮਨੁ ਤਨੁ ਨਿਰਮਲੁ ਹੋਇ॥
ਨਾਮਹੀਨ ਨਕਟੇ ਫਿਰਹਿ ਬਿਨੁ ਨਾਵੈ ਬਹਿ ਰੋਇ॥
ਨਾਨਕ ਜੋ ਧੁਰਿ ਕਰਤੈ ਲਿਖਿਆ ਸੁ ਮੇਟਿ ਨ ਸਕੈ ਕੋਇ॥ (੧੪੧੪)

ਗੁਰੂ ਗਿਆਨ ਵਿਹੂਣੇ

– ਗਿਆਨ ਵਿਹੂਣੀ ਪਿਰ ਮੁਤੀਆ ਪਿਰਮੁ ਨ ਪਾਇਆ ਜਾਇ॥
ਅਗਿਆਨ ਮਤੀ ਅੰਧੇਰੁ ਹੈ ਬਿਨੁ ਪਿਰ ਦੇਖੇ ਭੁਖ ਨ ਜਾਇ॥
ਆਵਹੁ ਮਿਲਹੁ ਸਹੇਲੀਹੋ ਮੈ ਪਿਰੁ ਦੇਹੁ ਮਿਲਾਇ॥
ਪੂਰੈ ਭਾਗਿ ਸਤਿਗੁਰੁ ਮਿਲੈ ਪਿਰੁ ਪਾਇਆ ਸਚਿ ਸਮਾਇ॥ (੩੮)

– ਸਗਲੀ ਧਰਤੀ ਮਾਲੁ ਧਨੁ ਵਰਤਣਿ ਸਰਬ ਜੰਜਾਲ॥
ਨਾਨਕ ਮੁਸੈ ਗਿਆਨ ਵਿਹੂਣੀ ਖਾਇ ਗਇਆ ਜਮਕਾਲੁ॥ (੪੬੫)

– ਹਉਮੈ ਬੂਝੈ ਤਾ ਦਰੁ ਸੂਝੈ॥ ਗਿਆਨ ਵਿਹੂਣਾ ਕਥਿ ਕਥਿ ਲੂਝੈ॥
ਨਾਨਕ ਹੁਕਮੀ ਲਿਖੀਐ ਲੇਖੁ॥ ਜੇਹਾ ਵੇਖਹਿ ਤੇਹਾ ਵੇਖੁ॥ (੪੬੬)

– ਗਿਆਨ ਵਿਹੂਣੀ ਭਵੈ ਸਬਾਈ॥ ਸਾਚਾ ਰਵਿ ਰਹਿਆ ਲਿਵ ਲਾਈ॥
ਨਿਰਭਉ ਸਬਦੁ ਗੁਰੂ ਸਚੁ ਜਾਤਾ ਜੋਤੀ ਜੋਤਿ ਮਿਲਾਇਦਾ॥ (੧੦੩੪)

– ਗਿਆਨ ਵਿਹੂਣਾ ਗਾਵੈ ਗੀਤ॥ ਭੁਖੇ ਮੁਲਾਂ ਘਰੇ ਮਸੀਤਿ॥
ਮਖਟੂ ਹੋਇ ਕੈ ਕੰਨ ਪੜਾਏ॥ ਫਕਰੁ ਕਰੇ ਹੋਰੁ ਜਾਤਿ ਗਵਾਏ॥ (੧੨੪੫)

– ਗੁਰ ਬਿਨੁ ਗਿਆਨੁ ਧਰਮ ਬਿਨੁ ਧਿਆਨੁ॥ ਸਚ ਬਿਨੁ ਸਾਖੀ ਮੂਲੋ ਨ ਬਾਕੀ॥ (੧੪੧੨)

– ਅੰਜਨੁ ਦੇਇ ਸਭੈ ਕੋਈ ਟੁਕੁ ਚਾਹਨ ਮਾਹਿ ਬਿਡਾਨੁ॥
ਗਿਆਨ ਅੰਜਨੁ ਜਿਹ ਪਾਇਆ ਤੇ ਲੋਇਨ ਪਰਵਾਨੁ॥ (੧੧੦੩)

ਅੱਖਾਂ ਵਿੱਚ ਸੁਆਹ ਤਾਂ ਹਰਿ ਕੋਈ ਪਾ ਲੈਂਦਾ ਹੈ ਪਰ ਸੁਰਮਾ ਪਾਉਣ ਵਾਲਿਆਂ ਦੀ ਨੀਅਤ ਵਿੱਚ ਫ਼ਰਕ ਹੋਇਆ ਕਰਦਾ ਹੈ। ਕੋਈ ਸੁਰਮਾ ਪਾਉਂਦਾ ਹੈ ਵਿਕਾਰਾਂ ਲਈ ਤੇ ਕੋਈ ਅੱਖਾਂ ਦੀ ਨਜ਼ਰ ਚੰਗੀ ਰੱਖਣ ਲਈ। ਤਿਵੇਂ

ਮਾਇਆ ਦੇ ਬੰਧਨ ਤੋਂ ਨਿਕਲਣ ਲਈ ਉੱਦਮ ਕਰਨ ਦੀ ਲੋੜ ਹੈ ਪਰ ਉੱਦਮ ਉੱਦਮ ਵਿੱਚ ਫ਼ਰਕ ਹੈ। ਉਹੀ ਅੱਖਾਂ ਪ੍ਰਭੂ ਦੀ ਨਜ਼ਰ ਵਿੱਚ ਕਬੂਲ ਹਨ ਜਿਨ੍ਹਾਂ ਗੁਰੂ ਦੇ ਗਿਆਨ ਦਾ ਸੁਰਮਾ ਪਾਇਆ ਹੈ।

ਅਗਿਆਨ

ਗਿਆਨ ਦਾ ਅਭਾਵ ਅਗਿਆਨ ਹੈ। ਸਕੂਲਾਂ ਕਾਲਜਾਂ ਵਿੱਚੋਂ ਮਿਲਦੀ ਕੇਵਲ ਅੱਖਰੀ ਵਿੱਦਿਆ ਹੀ ਗਿਆਨ ਨਹੀਂ ਹੈ। ਅੱਖਰ ਬੋਧ ਤੋਂ ਕੋਰੇ, ਕੇਵਲ ਅੰਗੂਠਾ ਲਾਉਣ ਵਾਲੇ ਵੀ ਬੜੇ ਗਿਆਨਵਾਨ ਅਤੇ ਬੜੀ ਉੱਘੀ ਹਸਤੀ ਦੇ ਮਾਲਕ ਹੋਏ ਹਨ। ਸ਼ਹਿਨਸ਼ਾਹ ਅਕਬਰ ਕੋਰਾ ਅਨਪੜ੍ਹ ਸੀ ਅਤੇ ਮਹਾਰਾਜਾ ਰਣਜੀਤ ਸਿੰਘ ਵੀ ਸਕੂਲੀ ਵਿੱਦਿਆ ਤੋਂ ਕੋਰਾ ਸੀ। ਸਤਿਗੁਰਾਂ ਨੇ ਅਗਿਆਨਤਾ ਕਿਸ ਨੂੰ ਮੰਨਿਆ ਹੈ, ਇਸ ਦਾ ਨਿਰਣਾ ਗੁਰਬਾਣੀ ਵਿੱਚੋਂ ਹੀ ਮਿਲਦਾ ਹੈ:

– ਮਨਮੁਖ ਹਰਿ ਨਾਮੁ ਨ ਸੇਵਿਆ ਦੁਖੁ ਲਗਾ ਬਹੁਤਾ ਆਇ॥
ਅੰਤਰਿ ਅਗਿਆਨੁ ਅੰਧੇਰੁ ਹੈ ਸੁਧਿ ਨ ਕਾਈ ਪਾਇ॥
ਮਨਹਠਿ ਸਹਜਿ ਨ ਬੀਜਿਓ ਭੁਖਾ ਕਿ ਅਗੈ ਖਾਇ॥ ਨਾਮੁ ਨਿਧਾਨੁ ਵਿਸਾਰਿਆ ਦੂਜੈ ਲਗਾ ਜਾਇ॥
ਨਾਨਕ ਗੁਰਮੁਖਿ ਮਿਲਹਿ ਵਡਿਆਈਆ ਜੇ ਆਪੇ ਮੇਲਿ ਮਿਲਾਇ॥ (੬੪੭)

ਮਨਮੁਖ ਨੇ ਹਰੀ ਦਾ ਨਾਮ ਨਹੀਂ ਸਿਮਰਿਆ ਇਸ ਕਰਕੇ ਬਹੁਤਾ ਦੁੱਖੀ ਹੁੰਦਾ ਹੈ। ਉਸ ਦੇ ਹਿਰਦੇ ਵਿੱਚ ਅਗਿਆਨ ਦਾ ਹਨੇਰਾ ਹੁੰਦਾ ਹੈ, ਇਸ ਲਈ ਉਸ ਨੂੰ ਕੋਈ ਸੂਝ ਨਹੀਂ ਪੈਂਦੀ, ਮਨ ਦੇ ਹਠ ਕਰਕੇ ਉਹ ਅਡੋਲ ਅਵਸਥਾ ਵਿੱਚ ਕੁਝ ਨਹੀਂ ਬੀਜਦਾ ਭਾਵ ਨਾਮ ਨਹੀਂ ਜਪਦਾ। ਇਸ ਆਤਮਿਕ ਖੁਰਾਕ ਤੋਂ ਸੱਖਣਾ ਭੁੱਖਾ ਅੱਗੇ ਕੀ ਖਾਏਗਾ? ਮਨਮੁਖ ਨਾਮ ਦਾ ਖਜ਼ਾਨਾ ਵਿਸਾਰ ਕੇ ਮਾਇਆ ਵਿਚ ਹੀ ਲੱਗਾ ਰਹਿੰਦਾ ਹੈ। ਹਜ਼ੂਰ ਦਾ ਫੁਰਮਾਨ ਹੈ ਕਿ ਜੇ ਹਰੀ ਆਪ ਕਿਰਪਾ ਕਰੇ ਸੰਗਤਿ ਵਿੱਚ ਮਿਲਾ ਲਏ ਤਾਂ ਸਤਿਗੁਰੂ ਦੇ ਸਨਮੁਖ ਹੋਏ ਮਨੁੱਖਾਂ ਨੂੰ ਵਡਿਆਈ ਮਿਲਦੀ ਹੈ।

– ਗਿਆਨ ਅੰਜਨੁ ਜਾ ਕੀ ਨੇਤ੍ਰੀ ਪੜਿਆ ਤਾ ਕਉ ਸਰਬ ਪ੍ਰਗਾਸਾ॥
ਅਗਿਆਨਿ ਅੰਧੇਰੈ ਸੂਝਸਿ ਨਾਹੀ ਬਹੁੜਿ ਬਹੁੜਿ ਭਰਮਾਤਾ॥ (੬੧੦)

– ਬੈਸਨੌ ਨਾਮੁ ਕਰਤ ਖਟ ਕਰਮਾ ਅੰਤਰਿ ਲੋਭ ਜੂਠਾਨ॥
ਸੰਤ ਸਭਾ ਕੀ ਨਿੰਦਾ ਕਰਤੇ ਡੂਬੇ ਸਭ ਅਗਿਆਨ॥ (੧੨੦੩)

– ਮਨ ਆਵਣ ਜਾਣੁ ਨ ਸੁਝਈ ਨਾ ਸੁਝੈ ਦਰਬਾਰੁ॥ ਮਾਇਆ ਮੋਹਿ ਪਲੇਟਿਆ ਅੰਤਰਿ ਅਗਿਆਨੁ ਗੁਬਾਰੁ॥
ਤਬ ਨਰੁ ਸੁਤਾ ਜਾਗਿਆ ਸਿਰਿ ਡੰਡੁ ਲਗਾ ਬਹੁ ਭਾਰੁ॥
ਗੁਰਮੁਖਾਂ ਕਰਾਂ ਉਪਰਿ ਹਰਿ ਚੇਤਿਆ ਸੇ ਪਾਇਨਿ ਮੋਖ ਦੁਆਰੁ॥
ਨਾਨਕ ਆਪਿ ਓਹਿ ਉਧਰੇ ਸਭ ਕੁਟੰਬ ਤਰੇ ਪਰਵਾਰ॥ (੧੪੧੮)

– ਠਾਕੁਰੁ ਛੋਡਿ ਦਾਸੀ ਕਉ ਸਿਮਰਹਿ ਮਨਮੁਖ ਅੰਧ ਅਗਿਆਨਾ॥
ਹਰਿ ਕੀ ਭਗਤਿ ਕਰਹਿ ਤਿਨ ਨਿੰਦਹਿ ਨਿਗੁਰੇ ਪਸੂ ਸਮਾਨਾ॥ (੧੧੩੮)

ਉਪਰਲੀ ਵਿਚਾਰ ਤੋਂ ਵੇਖਿਆ ਜਾ ਸਕਦਾ ਹੈ ਕਿ ਗੁਰਮਤਿ ਤੋਂ ਅਗਿਆਨਤਾ ਦਾ ਹਨੇਰਾ ਵਿਸ਼ੇਸ਼ ਕਰਕੇ ਮਨਮੁਖ ਦੇ ਮਨ ਅੰਦਰ ਹੀ ਹੁੰਦਾ ਹੈ। ਕਿਉਂਕਿ ਮਨਮੁੱਖ ਗੁਰੂ ਦੀ ਮਤਿ ਤੇ ਤੁਰਨ ਦੀ ਥਾਂ ਆਪਣੀ ਮਤਿ ਤੇ ਤੁਰਦਾ ਹੈ। ਭਾਵ, ਮਨਮੁਖਤਾ ਅਗਿਆਨਤਾ ਦਾ ਮੂਲ ਹੈ ਅਤੇ ਅਗਿਆਨਤਾ ਹੰਕਾਰ ਦੀ ਜਨਮਦਾਤੀ ਹੈ। ਹੰਕਾਰੀ ਮਨੁੱਖ ਪ੍ਰਮਾਤਮਾ ਦੇ ਨਾਮ ਦੀ ਪ੍ਰਾਪਤੀ ਨਹੀਂ ਕਰ ਸਕਦਾ। ਸੋ ਚਾਹੀਦਾ ਹੈ ਕਿ ਮਨਮੁਖਤਾਈ ਤਿਆਗ ਕੇ ਗੁਰੂ ਦੀ ਮਤਿ ਤੇ ਚਲਦੇ ਹੋਏ ਸਦਾ ਗੁਰਮੁਖਿ ਬਣੇ ਰਹੀਏ। ਗੁਰੂ ਦੀ ਮਤਿ ਤੇ ਤੁਰਿਆਂ ਪ੍ਰਮਾਤਮਾ ਦੀ ਮਿਹਰ ਦੇ ਪਾਤਰ ਬਣ ਜਾਈਦਾ ਹੈ, ਅਗਿਆਨਤਾ ਦਾ ਹਨੇਰਾ ਕੱਟਿਆ ਜਾਂਦਾ ਹੈ:

– ਹਰਿ ਪ੍ਰਭੁ ਹਰਿ ਮਨਿ ਭਾਇਆ ਹਰਿ ਨਾਮਿ ਵਧਾਈ ਰਾਮ॥

ਗੁਰਿ ਪੂਰੈ ਪ੍ਰਭੁ ਪਾਇਆ ਹਰਿ ਹਰਿ ਲਿਵ ਲਾਈ ਰਾਮ॥
ਅਗਿਆਨੁ ਅੰਧੇਰਾ ਕਟਿਆ ਜੋਤਿ ਪਰਗਟਿਆਈ ਰਾਮ॥
ਜਨ ਨਾਨਕ ਨਾਮੁ ਅਧਾਰੁ ਹੈ ਹਰਿ ਨਾਮਿ ਸਮਾਈ ਰਾਮ॥ (੮੪੫)

- ਵਡਿਆਈ ਸਚੇ ਨਾਮ ਕੀ ਹਉ ਜੀਵਾ ਸੁਣਿ ਸੁਣੇ॥ ਪਸੂ ਪਰੇਤ ਅਗਿਆਨ ਉਧਾਰੇ ਇਕ ਖਣੇ॥
ਦਿਨਸੁ ਰੈਣਿ ਤੇਰਾ ਨਾਉ ਸਦਾ ਸਦ ਜਾਪੀਐ॥ ਤ੍ਰਿਸਨਾ ਭੁਖ ਵਿਕਰਾਲ ਨਾਇ ਤੇਰੈ ਥ੍ਰਾਪੀਐ॥
ਰੋਗੁ ਸੋਗੁ ਦੁਖੁ ਵੰਞੈ ਜਿਸੁ ਨਾਉ ਮਨਿ ਵਸੈ॥ ਤਿਸਹਿ ਪਰਾਪਤਿ ਲਾਲੁ ਜੋ ਗੁਰ ਸਬਦੀ ਰਸੈ॥
ਖੰਡ ਬ੍ਰਹਮੰਡ ਬੇਅੰਤ ਉਧਾਰਣਹਾਰਿਆ॥ ਤੇਰੀ ਸੋਭਾ ਤੁਧੁ ਸਚੇ ਮੇਰੇ ਪਿਆਰਿਆ॥ (੯੬੩)

ਗਿਆਨੀ

- ਹਉਮੈ ਮੇਟਿ ਸਬਦਿ ਸੁਖੁ ਹੋਈ॥ ਆਪੁ ਵੀਚਾਰੇ ਗਿਆਨੀ ਸੋਈ॥ (੧੦੪੦)

ਗਿਆਨੀ ਦਾ ਅਰਥ ਹੈ ਜਾਣਨ ਵਾਲਾ, ਗਿਆਤਾ, ਵਿਦਵਾਨ। ਪਰ ਸਿੱਖ ਜਗਤ ਵਿੱਚ ਕਿਸੇ ਖ਼ਾਸ ਵੇਸ ਅਥਵਾ ਉਚੇਰੀ ਦਿਖ ਵਾਲੇ ਨੂੰ, ਸੰਤ ਮਹਾਂਪੁਰਖ ਸਮਝਿਆ ਤੇ ਮੰਨਿਆ ਜਾਂਦਾ ਹੈ, ਕਿਸੇ ਤਰ੍ਹਾਂ ਖ਼ਾਸ ਪਹਿਰਾਵੇ ਨਾਲ "ਗਿਆਨੀ" ਸ਼ਬਦ ਵੀ ਜੁੜ ਗਿਆ ਹੈ। ਸਿੱਖ ਧਰਮ ਵਿਚਲੇ ਪ੍ਰਚਾਰਕਾਂ, ਰਾਗੀਆਂ, ਢਾਡੀਆਂ, ਕਥਾਕਾਰਾਂ, ਗ੍ਰੰਥੀਆਂ ਦੇ ਦਸਤਾਰੇ ਅਤੇ ਪੁਸ਼ਾਕੇ ਵਿੱਚ ਆਮ ਲੋਕਾਂ ਨਾਲੋਂ ਥੋੜੀ ਬਹੁਤੀ ਵਿਲੱਖਣਤਾ ਜ਼ਰੂਰ ਹੁੰਦੀ ਹੈ ਜਿਸ ਤੋਂ ਉਨ੍ਹਾਂ ਨੂੰ ਆਪਣੇ ਆਪ ਹੀ "ਗਿਆਨੀ" ਲਕਬ ਮਿਲ ਜਾਂਦਾ ਹੈ, ਅਥਵਾ ਉਨ੍ਹਾਂ ਨੂੰ "ਗਿਆਨੀ ਜੀ" ਕਹਿ ਕੇ ਬੁਲਾਇਆ ਜਾਂਦਾ ਹੈ। ਭਾਸ਼ਾ ਵਿਭਾਗ ਵਾਲਿਆਂ ਨੇ "ਗਿਆਨੀ" ਇੱਕ ਡਿਗਰੀ ਮਿਥੀ ਹੋਈ ਹੈ। ਜ਼ਿਆਦਾਤਰ ਅਜੇਹੀ ਡਿਗਰੀ ਵਾਲੇ ਅਧਿਆਪਕ ਬਣ ਜਾਂਦੇ ਹਨ। ਗੁਰਬਾਣੀ ਨੇ ਗਿਆਨੀ ਕਿਸ ਨੂੰ ਮੰਨਿਆ ਹੈ, ਆਉ ਵੇਖੀਏ ਅਤੇ ਆਪਣੇ ਅੰਦਰ ਝਾਕੀ ਮਾਰੀਏ ਕਿ ਕੀ ਅਸੀਂ ਗਿਆਨੀ ਅਖਵਾਉਣ ਦੇ ਹੱਕਦਾਰ ਵੀ ਹਾਂ ਕਿ ਨਹੀਂ:

- ਪ੍ਰਣਵਤਿ ਨਾਨਕ ਗਿਆਨੀ ਕੈਸਾ ਹੋਇ॥ ਆਪੁ ਪਛਾਣੈ ਬੂਝੈ ਸੋਇ॥
ਗੁਰ ਪਰਸਾਦਿ ਕਰੇ ਬੀਚਾਰੁ॥ ਸੋ ਗਿਆਨੀ ਦਰਗਹ ਪਰਵਾਣੁ॥ (੨੫)

- ਹਉਮੈ ਮੇਟਿ ਸਬਦਿ ਸੁਖੁ ਹੋਈ॥ ਆਪੁ ਵੀਚਾਰੇ ਗਿਆਨੀ ਸੋਈ॥
ਨਾਨਕ ਹਰਿ ਜਸੁ ਹਰਿ ਗੁਣ ਲਾਹਾ ਸਤਸੰਗਤਿ ਸਚੁ ਫਲੁ ਪਾਇਆ॥ (੧੦੪੦)

- ਸੋਈ ਗਿਆਨੀ ਜਿ ਸਿਮਰੈ ਏਕ॥ ਸੋ ਧਨਵੰਤਾ ਜਿਸੁ ਬੁਧਿ ਬਿਬੇਕ॥
ਸੋ ਕੁਲਵੰਤਾ ਜਿ ਸਿਮਰੈ ਸੁਆਮੀ॥ ਸੋ ਪਤਿਵੰਤਾ ਜਿ ਆਪੁ ਪਛਾਨੀ॥ (੧੧੫੦)

- ਕਈ ਬੈਕੁੰਠ ਨਾਹੀ ਲਵੈ ਲਾਗੇ॥ ਮੁਕਤਿ ਬਪੁੜੀ ਭੀ ਗਿਆਨੀ ਤਿਆਗੇ॥
ਏਕੰਕਾਰੁ ਸਤਿਗੁਰ ਤੇ ਪਾਈਐ ਹਉ ਬਲਿ ਬਲਿ ਗੁਰ ਦਰਸਾਇਣਾ॥ (੧੦੭੮)

- ਦੁਖੁ ਸੁਖੁ ਏ ਬਾਧੇ ਜਿਹ ਨਾਹਨਿ ਤਿਹ ਤੁਮ ਜਾਨਉ ਗਿਆਨੀ॥
ਨਾਨਕ ਮੁਕਤਿ ਤਾਹਿ ਤੁਮ ਮਾਨਉ ਇਹ ਬਿਧਿ ਕੋ ਜੋ ਪ੍ਰਾਨੀ॥ (੨੨੦)

ਕਰਮਕਾਂਡਾਂ ਦੀ ਬੰਦਿਸ਼ ਨੂੰ ਹੀ ਧਰਮ ਸਮਝਣ ਵਾਲੇ ਧਰਮ ਆਗੂਆਂ (ਬ੍ਰਾਹਮਣ, ਮੌਲਵੀ ਤੇ ਅੱਜ ਦੇ ਡੇਰੇਦਾਰ ਕਥਿਤ ਸਾਧਾਂ ਸੰਤਾਂ) ਨੂੰ ਸੰਬੋਧਨ ਕਰਕੇ ਗੁਰੂ ਫੁਰਮਾਨ ਹੈ:

- ਹਿੰਦੂ ਅੰਨ੍ਹਾ ਤੁਰਕੂ ਕਾਣਾ॥ ਦੁਹਾਂ ਤੇ ਗਿਆਨੀ ਸਿਆਣਾ॥
ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ॥ ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ॥ (੮੭੫)

- ਪਰਿਓ ਕਾਲੁ ਸਭੈ ਜਗ ਊਪਰ ਮਾਹਿ ਲਿਖੇ ਭ੍ਰਮ ਗਿਆਨੀ॥

ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ॥ (੬੫੪)

– ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥ (੧੪੨੭)

ਬੂਝਹੁ ਗਿਆਨੀ ਸ਼ਬਦ ਬੀਚਾਰਿ

– ਅਮਾਵਸਿਆ ਚੰਦੁ ਗੁਪਤੁ ਗੈਣਾਰਿ॥ ਬੂਝਹੁ ਗਿਆਨੀ ਸਬਦੁ ਬੀਚਾਰਿ॥
ਸਸੀਅਰੁ ਗਗਨਿ ਜੋਤਿ ਤਿਹੁ ਲੋਈ॥ ਕਰਿ ਕਰਿ ਵੇਖੈ ਕਰਤਾ ਸੋਈ॥
ਗੁਰ ਤੇ ਦੀਸੈ ਸੋ ਤਿਸ ਹੀ ਮਾਹਿ॥ ਮਨਮੁਖਿ ਭੂਲੇ ਆਵਹਿ ਜਾਹਿ॥ (੮੪੦)

ਜਿਵੇਂ ਮੱਸਿਆ ਦੀ ਰਾਤ ਚੰਦਰਮਾ ਆਕਾਸ਼ ਵਿੱਚ ਲੁਪਤ ਰਹਿੰਦਾ ਹੈ ਤਿਵੇਂ ਪ੍ਰਮਾਤਮਾ ਹਰੇਕ ਹਿਰਦੇ ਅੰਦਰ ਗੁਪਤ ਵੱਸਦਾ ਹੈ। ਹੇ ਗਿਆਨੀ! ਗੁਰੂ ਦੇ ਸ਼ਬਦ ਨੂੰ ਮਨ ਵਿੱਚ ਵਸਾ ਕੇ ਇਸ ਭੇਦ ਨੂੰ ਸਮਝ। ਜਿਵੇਂ ਚੰਦਰਮਾ ਆਕਾਸ਼ ਵਿੱਚ ਹਰ ਪਾਸੇ ਚਾਨਣਾ ਦੇ ਰਿਹਾ ਹੈ, ਤਿਵੇਂ ਪ੍ਰਮਾਤਮਾ ਦੀ ਜੋਤਿ ਸਾਰੇ ਸੰਸਾਰ ਨੂੰ ਜੀਵਨ ਸੱਤਾ ਦੇ ਰਹੀ ਹੈ। ਉਹ ਕਰਤਾਰ ਆਪ ਹੀ ਸਾਰੇ ਜੀਵਾਂ ਨੂੰ ਪੈਦਾ ਕਰਕੇ ਉਨ੍ਹਾਂ ਦੀ ਸੰਭਾਲ ਕਰ ਰਿਹਾ ਹੈ। ਜਿਸ ਮਨੁੱਖ ਨੂੰ ਗੁਰੂ ਪਾਸੋਂ ਇਹ ਸੋਝੀ ਮਿਲ ਜਾਂਦੀ ਹੈ, ਉਹ ਮਨੁੱਖ ਉਸ ਪ੍ਰਮਾਤਮਾ ਵਿੱਚ ਸਦਾ ਲੀਨ ਰਹਿੰਦਾ ਹੈ। ਪਰ ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ ਕੁਰਾਹੇ ਪੈ ਕੇ ਜਨਮ ਮਰਨ ਦੇ ਗੇੜ ਵਿੱਚ ਪਏ ਰਹਿੰਦੇ ਹਨ।

– ਪਵਨੈ ਮਹਿ ਪਵਨੁ ਸਮਾਇਆ॥ ਜੋਤੀ ਮਹਿ ਜੋਤਿ ਰਲਿ ਜਾਇਆ॥
ਮਾਟੀ ਮਾਟੀ ਹੋਈ ਏਕ॥ ਰੋਵਨਹਾਰੇ ਕੀ ਕਵਨ ਟੇਕ॥ ਕਉਨੁ ਮੂਆ ਰੇ ਕਉਨੁ ਮੂਆ॥
ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ ਇਹੁ ਤਉ ਚਲਤੁ ਭਇਆ॥ (੮੮੫)

– ਏਕੁ ਬੁਰਾ ਭਲਾ ਸਚੁ ਏਕੈ॥ ਬੂਝੁ ਗਿਆਨੀ ਸਤਗੁਰ ਕੀ ਟੇਕੈ॥
ਗੁਰਮੁਖਿ ਵਿਰਲੀ ਏਕੋ ਜਾਣਿਆ॥ ਆਵਣੁ ਜਾਣਾ ਮੇਟਿ ਸਮਾਣਿਆ॥
ਜਿਨ ਕੈ ਹਿਰਦੈ ਏਕੰਕਾਰੁ॥ ਸਰਬ ਗੁਣੀ ਸਾਚਾ ਬੀਚਾਰੁ॥
ਗੁਰ ਕੈ ਭਾਣੈ ਕਰਮ ਕਮਾਵੈ॥ ਨਾਨਕ ਸਾਚੇ ਸਾਚਿ ਸਮਾਵੈ॥ (੯੦੫)

– ਬਿਨੁ ਗੁਰ ਦਾਤੇ ਕਿਨੈ ਨ ਪਾਇਆ॥ ਮਨਮੁਖ ਲੋਭਿ ਦੂਜੈ ਲੋਭਾਇਆ॥
ਐਸੇ ਗਿਆਨੀ ਬੂਝਹੁ ਕੋਇ॥ ਬਿਨੁ ਗੁਰ ਭੇਟੇ ਮੁਕਤਿ ਨ ਹੋਇ॥ (੧੨੨੭)

– ਕਲਰ ਕੇਰੀ ਛਪੜੀ ਕਉਆ ਮਲਿ ਮਲਿ ਨਾਇ॥ ਮਨੁ ਤਨੁ ਮੈਲਾ ਅਵਗੁਣੀ ਚਿੰਜੁ ਭਰੀ ਗੰਧੀ ਆਇ॥
ਸਰਵਰੁ ਹੰਸਿ ਨ ਜਾਣਿਆ ਕਾਗ ਕੁਪੰਖੀ ਸੰਗਿ॥ ਸਾਕਤ ਸਿਉ ਐਸੀ ਪ੍ਰੀਤਿ ਹੈ ਬੂਝਹੁ ਗਿਆਨੀ ਰੰਗਿ॥
ਸੰਤ ਸਭਾ ਜੈਕਾਰੁ ਕਰਿ ਗੁਰਮੁਖਿ ਕਰਮ ਕਮਾਉ॥
ਨਿਰਮਲੁ ਨ੍ਹਾਵਣੁ ਨਾਨਕਾ ਗੁਰੁ ਤੀਰਥੁ ਦਰੀਆਉ॥ (੧੪੧੧)

– ਗੁਰ ਬਿਨੁ ਸਹਜੁ ਨ ਊਪਜੈ ਭਾਈ ਪੂਛਹੁ ਗਿਆਨੀਆ ਜਾਇ॥
ਸਤਿਗੁਰ ਕੀ ਸੇਵਾ ਸਦਾ ਕਰਿ ਭਾਈ ਵਿਚਹੁ ਆਪੁ ਗਵਾਇ॥ (੬੩੯)

ਬ੍ਰਹਮਗਿਆਨੀ ਪ੍ਰਭੂ ਆਪ

ਪ੍ਰਮਾਤਮਾ ਬਾਰੇ ਗਿਆਨ ਰੱਖਣ ਵਾਲੇ ਨੂੰ ਬ੍ਰਹਮ ਗਿਆਨੀ ਕਿਹਾ ਜਾਂਦਾ ਹੈ **"ਬ੍ਰਹਮ ਗਿਆਨੀ ਬ੍ਰਹਮ ਕਾ ਬੇਤਾ"**। ਬ੍ਰਹਮ ਗਿਆਨੀ ਉਹ ਹੈ ਜੋ ਪ੍ਰਭੂ ਨਾਲ ਡੂੰਘੀ ਸਾਂਝ ਬਣਾ ਲੈਂਦਾ ਹੈ। ਸੁਖਮਨੀ ਸਾਹਿਬ ਦੀ ਅੱਠਵੀਂ ਅਸ਼ਟਪਦੀ

ਵਿੱਚ "ਬ੍ਰਹਮ ਗਿਆਨੀ" ਦੇ ਲੱਛਣਾਂ ਬਾਰੇ ਜਾਣਕਾਰੀ ਦਿੱਤੀ ਹੋਈ ਹੈ, ਪਰ ਅੰਤਲੇ ਪਦੇ ਵਿੱਚ ਇਉਂ ਅਨੁਭਵ ਹੁੰਦਾ ਹੈ ਕਿ ਸਤਿਗੁਰਾਂ ਨੂੰ ਅਕਾਲ ਪੁਰਖ ਹੀ ਬ੍ਰਹਮ ਗਿਆਨੀ ਹੋ ਦਿਸੇ ਹਨ:

– ਮਨਿ ਸਾਚਾ ਮੁਖਿ ਸਾਚਾ ਸੋਇ॥ ਅਵਰੁ ਨ ਪੇਖੈ ਏਕਸੁ ਬਿਨੁ ਕੋਇ॥
ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ॥ (੨੭੨)

ਜਿਸ ਮਨੁੱਖ ਦੇ ਮਨ ਵਿੱਚ ਸਦਾ ਥਿਰ ਰਹਿਣ ਵਾਲਾ ਪ੍ਰਭੂ ਵੱਸਦਾ ਹੈ ਜੋ ਮੂੰਹੋਂ ਵੀ ਉਸੇ ਪ੍ਰਭੂ ਨੂੰ ਜਪਦਾ ਹੈ, ਜੋ ਮਨੁੱਖ ਇੱਕ ਅਕਾਲ ਪੁਰਖ ਤੋਂ ਬਿਨਾਂ ਕਿਤੇ ਵੀ ਕਿਸੇ ਹੋਰ ਨੂੰ ਨਹੀਂ ਵੇਖਦਾ, ਇਨ੍ਹਾਂ ਗੁਣਾਂ ਵਾਲਾ ਮਨੁੱਖ ਬ੍ਰਹਮ ਗਿਆਨੀ ਹੋ ਜਾਂਦਾ ਹੈ।

– ਬ੍ਰਹਮ ਗਿਆਨੀ ਸਦਾ ਨਿਰਲੇਪ॥ ਜੈਸੇ ਜਲ ਮਹਿ ਕਮਲ ਅਲੇਪ॥
ਬ੍ਰਹਮ ਗਿਆਨੀ ਸਦਾ ਨਿਰਦੋਖ॥ ਜੈਸੇ ਸੂਰੁ ਸਰਬ ਕਉ ਸੋਖ॥
ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ॥ ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ॥
ਬ੍ਰਹਮ ਗਿਆਨੀ ਕੈ ਧੀਰਜੁ ਏਕ॥ ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ॥
ਬ੍ਰਹਮ ਗਿਆਨੀ ਕਾ ਇਹੈ ਗੁਨਾਉ॥ ਨਾਨਕ ਜਿਉ ਪਾਵਕ ਕਾ ਸਹਜ ਸੁਭਾਉ॥ (੨੭੨)

ਏਸੇ ਤਰ੍ਹਾਂ ਹੀ ਅਗਲੇ ਛੇ ਪਦਿਆਂ ਵਿੱਚ ਵੀ ਸਤਿਗੁਰਾਂ ਨੇ ਮਨੁੱਖ ਬ੍ਰਹਮ ਗਿਆਨੀ ਦੇ ਲੱਛਣ ਹੀ ਕਥਨ ਕੀਤੇ ਹਨ। ਪਰ ਸੱਤਵੇਂ ਪਦੇ ਤੋਂ ਸਤਿਗੁਰਾਂ ਦੀ ਸੁਰਤਿ, ਸਿੱਧੀ ਅਕਾਲ ਪੁਰਖ ਵਿੱਚ ਜੁੜਦੀ ਜਾ ਰਹੀ ਅਨੁਭਵ ਹੋਣ ਲੱਗ ਪੈਂਦੀ ਹੈ। ਸਤਿਗੁਰੂ ਨੇ ਬ੍ਰਹਮ ਦਾ ਭੇਤ ਕੇਵਲ ਬ੍ਰਹਮ ਤੱਕ ਹੀ ਸੀਮਤ ਵੇਖ ਲਿਆ ਲੱਗਦਾ ਹੈ। ਅਥਾਹ ਅਗੰਮ ਅਗੋਚਰ ਪ੍ਰਭੂ ਹੀ ਸਰਬੱਗਤਾ ਦਾ ਪੂਰਾ ਗਿਆਨ ਪ੍ਰਮਾਤਮਾ ਤੋਂ ਬਿਨਾਂ ਹੋਰ ਕਿਸ ਨੂੰ ਹੋ ਸਕਦਾ ਹੈ? ਬ੍ਰਹਮ ਦੀ ਯਾਦ ਵਿੱਚ ਜੁੜ ਕੇ ਬ੍ਰਹਮ ਹੋ ਚੁੱਕੇ ਸਾਧਕ ਦੀ ਵਡਿਆਈ ਦਾ ਜ਼ਿਕਰ ਕਰਦਿਆਂ ਹੋਇਆਂ, ਨਾਲ ਹੀ ਇਹ ਵਿਚਾਰ ਆ ਗਿਆ ਲੱਗਦਾ ਹੈ ਕਿ ਕਿਤੇ ਮਨੁੱਖ ਦਾ ਮਨ ਹੰਕਾਰੀ ਹੀ ਨਾ ਹੋ ਜਾਵੇ। ਅੱਠਵਾਂ ਪਦਾ ਬਿਲਕੁਲ ਵਿਲੱਖਣ ਹੈ:

– ਬ੍ਰਹਮ ਗਿਆਨੀ ਕੀ ਕੀਮਤਿ ਨਾਹਿ॥ ਬ੍ਰਹਮ ਗਿਆਨੀ ਕੈ ਸਗਲ ਮਨ ਮਾਹਿ॥
ਬ੍ਰਹਮ ਗਿਆਨੀ ਕਾ ਕਉਨ ਜਾਨੈ ਭੇਦੁ॥ ਬ੍ਰਹਮ ਗਿਆਨੀ ਕਉ ਸਦਾ ਅਦੇਸੁ॥
ਬ੍ਰਹਮ ਗਿਆਨੀ ਕਾ ਕਥਿਆ ਨ ਜਾਇ ਅਧਾਖ੍ਰੁ॥ ਬ੍ਰਹਮ ਗਿਆਨੀ ਸਰਬ ਕਾ ਠਾਕੁਰੁ॥
ਬ੍ਰਹਮ ਗਿਆਨੀ ਕੀ ਮਿਤਿ ਕਉਨੁ ਬਖਾਨੈ॥ ਬ੍ਰਹਮ ਗਿਆਨੀ ਕੀ ਗਤਿ ਬ੍ਰਹਮ ਗਿਆਨੀ ਜਾਨੈ॥
ਬ੍ਰਹਮ ਗਿਆਨੀ ਕਾ ਅੰਤੁ ਨ ਪਾਰੁ॥ ਨਾਨਕ ਬ੍ਰਹਮ ਗਿਆਨੀ ਕਉ ਸਦਾ ਨਮਸਕਾਰੁ॥ (੨੭੩)

ਪ੍ਰੋ: ਸਾਹਿਬ ਸਿੰਘ ਜੀ ਅਨੁਸਾਰ ਇਸ ਅਸ਼ਟਪਦੀ ਵਿੱਚ ਮਨੁੱਖ ਬ੍ਰਹਮ ਗਿਆਨੀ ਦਾ ਜ਼ਿਕਰ ਹੈ ਪਰ ਮਨੁੱਖਾ ਸਰੀਰ ਹੱਦ ਬੰਨੇ ਵਾਲਾ ਹੈ, ਮਨੁੱਖ ਦੇ ਗੁਣ ਪ੍ਰਮਾਤਮਾ ਵਾਂਗ ਅਥਾਹ ਨਹੀਂ ਹੋ ਸਕਦੇ। ਅਥਾਹ ਅਤੇ ਅਗੰਮ ਕੇਵਲ ਗੁਰੂ ਪ੍ਰਮੇਸ਼ਰ ਆਪ ਹੀ ਹੈ। ਸੱਤਵੇਂ ਪਦੇ ਨਾਲੋਂ ਅੱਠਵੇਂ ਪਦੇ ਵਿੱਚ ਸਤਿਗੁਰਾਂ ਦੇ ਬਚਨ ਹੋਰ ਵੀ ਸਪੱਸ਼ਟ ਹੋ ਗਏ ਹਨ:

– ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ॥ ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ॥
ਬ੍ਰਹਮ ਗਿਆਨੀ ਮੁਕਤਿ ਜੁਗਤਿ ਜੀਅ ਕਾ ਦਾਤਾ॥ ਬ੍ਰਹਮ ਗਿਆਨੀ ਪੂਰਨ ਪੁਰਖੁ ਬਿਧਾਤਾ॥
ਬ੍ਰਹਮ ਗਿਆਨੀ ਅਨਾਥ ਕਾ ਨਾਥੁ॥ ਬ੍ਰਹਮ ਗਿਆਨੀ ਕਾ ਸਭ ਊਪਰਿ ਹਾਥੁ॥
ਬ੍ਰਹਮ ਗਿਆਨੀ ਕਾ ਸਗਲ ਅਕਾਰੁ॥ ਬ੍ਰਹਮ ਗਿਆਨੀ ਆਪਿ ਨਿਰੰਕਾਰੁ॥
ਬ੍ਰਹਮ ਗਿਆਨੀ ਕੀ ਸੋਭਾ ਬ੍ਰਹਮ ਗਿਆਨੀ ਬਨੀ॥ ਨਾਨਕ ਬ੍ਰਹਮ ਗਿਆਨੀ ਸਰਬ ਕਾ ਧਨੀ॥ (੨੭੩)

ਭਾਵੇਂ ਏਥੇ ਵੀ ਵਿਦਵਾਨਾਂ ਦੇ ਅਰਥ ਮਨੁੱਖ ਬ੍ਰਹਮ ਗਿਆਨੀ ਨਾਲ ਹੀ ਜੋੜੇ ਹਨ ਪਰ ਅਜੇਹੇ ਅਰਥ ਸਾਨੂੰ ਗੰਭੀਰ ਟਪਲਾ ਖੁਆ ਰਹੇ ਹੋਣਗੇ। ਕੀ ਸਤਿਗੁਰਾਂ ਨੇ ਸਾਰੀ ਸ੍ਰਿਸ਼ਟੀ ਦਾ ਕਰਣਹਾਰ ਜਾਂ ਰਚਨਹਾਰ ਕਿਸੇ ਮਨੁੱਖ ਨੂੰ ਮੰਨਿਆ ਹੋਵੇਗਾ? ਵਿਦਵਾਨਾਂ ਦੇ ਅਰਥ ਪੜ੍ਹ ਕੇ ਇਹੀ ਸਿੱਧ ਹੁੰਦਾ ਹੈ ਕਿ ਸਤਿਗੁਰਾਂ ਨੇ ਉੱਚੀ ਆਤਮਿਕ ਅਵਸਥਾ

ਵਾਲੇ ਮਹਾਂਪੁਰਖ ਨੂੰ ਹੀ ਸ੍ਰਿਸ਼ਟੀ ਦਾ ਕਰਤਾ, ਕਦੇ ਨਾ ਮਰਨ ਵਾਲਾ, ਸਦ ਜੀਵਾ ਅਤੇ ਪੁਰਖ ਬਿਧਾਤਾ ਫੁਰਮਾਇਆ ਹੈ। ਸ਼ੰਕਾ ਇਹ ਪੈਦਾ ਹੁੰਦਾ ਹੈ ਕਿ ਜਿਸ ਪੰਚਮ ਪਾਤਿਸ਼ਾਹ ਨੇ ਸੁਖਮਨੀ ਸਾਹਿਬ ਵਿੱਚ ਹੀ ਲਿਖਿਆ ਹੈ ਕਿ:

- ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ॥ (੨੭੬)

ਜਗਤ ਨੂੰ ਬਣਾਉਣ ਵਾਲਾ ਕੇਵਲ ਇੱਕ ਅਕਾਲ ਪੁਰਖ ਹੀ ਹੈ, ਕੋਈ ਦੂਜਾ ਨਹੀਂ ਹੋ ਸਕਦਾ। ਫਿਰ ਪੰਚਮ ਪਾਤਿਸ਼ਾਹ ਆਪ ਹੀ ਕਿਸੇ ਮਨੁੱਖ ਨੂੰ ਸ੍ਰਿਸ਼ਟੀ ਦਾ ਕਰਤਾ ਕਿਵੇਂ ਮੰਨ ਸਕਦੇ ਹਨ? ਅਤੇ ਫਿਰ:

- ਤੂ ਕਰਣ ਕਾਰਣ ਸਮਰਥੁ ਹੈ ਦੂਜਾ ਕੋ ਨਾਹੀ॥ (੩੦੧)

- ਸਭੁ ਜਗੁ ਜਿਨਹਿ ਉਪਾਇਆ ਭਾਈ ਕਰਣ ਕਾਰਣ ਸਮਰਥੁ॥ (੬੩੯)

- ਕਰਿ ਕਿਰਪਾ ਪ੍ਰਭ ਰਾਖਿ ਲੇਹੁ ਹੋਰ ਨਾਹੀ ਕਰਣ ਕਰੇਣ॥ (੧੩੬)

- ਕਾਰਨ ਕਰਨਾ ਧਾਰਨ ਧਰਨਾ ਏਕੈ ਏਕੈ ਸੋਹਿਨਾ॥ (੪੦੭)

ਜਿਹੜੇ ਸਤਿਗੁਰੂ ਇਹ ਗੱਲ ਕਹਿਣ ਤੋਂ ਥੱਕਦੇ ਨਹੀਂ ਕਿ ਸ੍ਰਿਸ਼ਟੀ ਦਾ ਕਰਤਾ ਧਰਤਾ ਕੇਵਲ ਅਤੇ ਕੇਵਲ ਅਕਾਲ ਪੁਰਖ ਆਪ ਹੀ ਹੈ, ਉਹੀ ਸਮਰਥ ਅਤੇ ਅਭੁੱਲ ਗੁਰਦੇਵ ਜੀ ਕਿਸੇ ਮਨੁੱਖਾ ਸਰੀਰ ਵਿੱਚ ਉਹੀ ਸ਼ਕਤੀ ਅਥਵਾ ਸਮਰਥਾ ਹੋਣ ਬਾਰੇ ਕਿਵੇਂ ਲਿਖ ਸਕਦੇ ਹਨ?

ਸਤਿਗੁਰਾਂ ਨੇ ਬ੍ਰਹਮ ਗਿਆਨੀ ਉਸ ਨੂੰ ਮੰਨਿਆ ਹੈ ਜਿਹੜਾ ਤੂੰ ਤੂੰ ਕਰਦਾ ਹੋਇਆ ਆਪ ਵੀ ਤੂੰ ਹੋ ਗਿਆ ਹੈ। ਜਿਸ ਦਾ ਆਪਾ ਪਰਕਾ ਮਿਟ ਗਿਆ ਹੈ। ਜੋ ਉਸ ਅਨੰਤ ਸ਼ਕਤੀ ਵਿਚ ਸਮਾ ਕੇ ਉਸ ਪਰਮ ਸ਼ਕਤੀ ਦਾ ਹਿੱਸਾ ਬਣ ਚੁੱਕਾ ਹੈ। ਜਿਸ ਦੀ ਜੋਤਿ ਪਰਮ ਜੋਤਿ ਵਿੱਚ ਮਿਲ ਕੇ ਅਭੇਦ ਹੋ ਗਈ, ਜੋ ਜੋਤੀ ਜੋਤਿ ਸਮਾ ਚੁੱਕਾ ਹੈ।

- ਜਿਉ ਜਲ ਮਹਿ ਜਲੁ ਆਇ ਖਟਾਨਾ॥ ਤਿਉ ਜੋਤੀ ਸੰਗਿ ਜੋਤਿ ਸਮਾਨਾ॥ (੨੭੮)

ਜਦੋਂ ਦਰਿਆ ਸਮੁੰਦਰ ਵਿੱਚ ਜਾ ਮਿਲੇ ਤਾਂ ਫਿਰ ਦਰਿਆ ਦੀ ਆਪਣੀ ਪਛਾਣ ਖ਼ਤਮ ਹੋ ਜਾਂਦੀ ਹੈ। ਹਰ ਪਾਸੇ ਸਮੁੰਦਰ ਹੀ ਸਮੁੰਦਰ ਸਾਗਰ ਆਪ ਹੀ ਆਪ ਹੋ ਦਿੱਸਦਾ ਹੈ। ਅੱਠਵੀਂ ਅਸ਼ਟਪਦੀ ਦੇ ਅੱਠਵੇਂ ਪਦੇ ਵਾਲਾ ਬ੍ਰਹਮਗਿਆਨੀ ਕੋਈ ਮਨੁੱਖ ਸਰੀਰ ਵਾਲਾ ਵਿਅਕਤੀ ਨਹੀਂ ਰਹਿ ਗਿਆ ਹੋਇਆ। ਇਸ ਪਦੇ ਵਾਲਾ ਬ੍ਰਹਮ ਗਿਆਨੀ ਅੱਡਰੀ ਡਿੱਠ ਵਾਲਾ ਮਨੁੱਖ ਨਹੀਂ ਸਗੋਂ ਆਪਿ ਨਿਰੰਕਾਰ ਹੈ।

- ਗੁਰੁ ਸਰੁ ਸਾਗਰੁ ਬੋਹਿਥੋ ਗੁਰੁ ਤੀਰਥੁ ਦਰੀਆਉ॥ (੧੭)

ਅਤੇ ਫਿਰ ਇਹੀ ਗੁਰੂ ਜੋ ਸਰੋਵਰ ਹੈ, ਜੋ ਗੁਰ ਦਰਿਆ, ਸਾਗਰ ਵਿੱਚ ਮਿਲ ਕੇ ਸਾਗਰ ਬਣ ਚੁੱਕਾ ਹੈ, ਮਨੁੱਖਾ ਸਰੀਰ ਦੀਆਂ ਹੱਦਾਂ ਬੰਨੇ ਟੱਪ ਕੇ, ਪੰਚਮ ਪਾਤਿਸ਼ਾਹ ਜੀ ਨੇ ਉਸੇ ਗੁਰ ਪਰਮੇਸ਼ਰ ਨੂੰ ਬ੍ਰਹਮ ਗਿਆਨੀ ਚਿਤਵਿਆ ਹੈ। ਅੰਤਲੇ ਪਦੇ ਵਿਚ ਸਤਿਗੁਰਾਂ ਨੇ ਉਸੇ ਬ੍ਰਹਮ ਗਿਆਨੀ ਦਾ ਜ਼ਿਕਰ ਕੀਤਾ ਹੈ ਜਿਸ ਨੂੰ **"ਧਨੁ ਹਰਿ ਗਿਆਨੀ ਸਤਿਗੁਰੂ ਹਮਾਰਾ"** ਫੁਰਮਾਇਆ ਹੈ। ਪ੍ਰਮਾਤਮਾ ਵਿੱਚ ਸਮਾ ਕੇ ਰੱਬ ਬਣ ਚੁੱਕੇ ਪੰਚਮ ਪਾਤਿਸ਼ਾਹ ਜੀ ਨੇ ਸਾਨੂੰ ਉਸੇ ਬ੍ਰਹਮ ਗਿਆਨੀ ਰੱਬ ਦੇ ਦਰਸ਼ਨ ਕਰਾਏ ਹਨ ਜੋ:

- ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥ ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥
ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥ ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥
ਆਪਿ ਕਰਤਾ ਆਪਿ ਭੁਗਤਾ ਆਪਿ ਕਾਰਣੁ ਕੀਆ॥
ਬਿਨਵੰਤਿ ਨਾਨਕ ਸੇਈ ਜਾਣਹਿ ਜਿਨ੍ੀ ਹਰਿ ਰਸੁ ਪੀਆ॥ (੮੪੬)

ਇਹ ਭੁਲੇਖਾ ਕਦੇ ਵੀ ਨਹੀਂ ਖਾਣਾ ਚਾਹੀਦਾ ਕਿ ਅੱਠਵੇਂ ਪਦੇ ਵਿੱਚ ਸਤਿਗੁਰਾਂ ਨੇ ਬ੍ਰਹਮ ਦੇ ਗਿਆਤਾ ਕਿਸੇ ਵਿਦਵਾਨ ਬ੍ਰਹਮ ਗਿਆਨੀ ਨੂੰ ਅਥਵਾ ਉੱਚੀ ਆਤਮਿਕ ਅਵਸਥਾ ਵਾਲੇ ਕਿਸੇ ਵਿਅਕਤੀ ਨੂੰ ਸ੍ਰਿਸ਼ਟੀ ਦਾ ਕਰਤਾ, ਪਰਮੇਸ਼ਰ ਜਾਂ ਨਿਰੰਕਾਰ ਕਿਹਾ ਹੈ। ਸਤਿਗੁਰਾਂ ਨੇ ਉਸ ਪ੍ਰਮੇਸ਼ਰ ਨੂੰ ਹੀ ਬ੍ਰਹਮ ਗਿਆਨੀ ਦੇ ਰੂਪ ਵਿੱਚ ਚਿਤਵਿਆ ਹੈ ਜੋ ਕਰਨ ਕਾਰਨ ਹੈ, ਜੋ ਸਤਿ ਹੈ, ਜੋ ਜਨਮ ਮਰਨ ਤੋਂ ਪਰੇ ਹੈ, ਜੋ ਅਗੰਮ ਹੈ, ਜੋ ਅਥਾਹ ਹੈ, ਜੋ ਨਿਰਅਕਾਰ ਹੈ ਅਥਵਾ ਜੋ ਸਰਬ ਵਿਆਪਕ ਹੈ, ਜੋ ਸਭ ਦਾ ਪਾਲਣਹਾਰ ਹੈ ਅਤੇ ਸਰਬ ਜੀਵਾਂ ਵਿੱਚ ਵਿਆਪਕ ਹੋ ਕੇ ਸਰਬ ਰਸਾਂ ਦਾ ਭੋਗਣਹਾਰ ਹੈ।

- ਧਨੁ ਧਨੁ ਸਤ ਪੁਰਖੁ ਸਤਿਗੁਰੂ ਹਮਾਰਾ ਜਿਤੁ ਮਿਲਿਐ ਹਮ ਕਉ ਸਾਂਤਿ ਆਈ॥
  ਧਨੁ ਧਨੁ ਸਤ ਪੁਰਖੁ ਸਤਿਗੁਰੂ ਹਮਾਰਾ ਜਿਤੁ ਮਿਲਿਐ ਹਮ ਹਰਿ ਭਗਤਿ ਪਾਈ॥
  ਧਨੁ ਧਨੁ ਹਰਿ ਭਗਤੁ ਸਤਿਗੁਰੂ ਹਮਾਰਾ ਜਿਸ ਕੀ ਸੇਵਾ ਤੇ ਹਮ ਹਰਿ ਨਾਮਿ ਲਿਵ ਲਾਈ॥
  ਧਨੁ ਧਨੁ ਹਰਿ ਗਿਆਨੀ ਸਤਿਗੁਰੂ ਹਮਾਰਾ ਜਿਨਿ ਵੈਰੀ ਮਿਤ੍ਰ ਹਮ
  ਕਉ ਸਭ ਸਮ ਦ੍ਰਿਸਟਿ ਦਿਖਾਈ॥ (੫੯੪)

- ਗਿਆਨੀਆ ਨੋ ਸਭੁ ਸਚੁ ਹੈ ਸਚੁ ਸੋਝੀ ਹੋਈ॥ ਓਇ ਭੁਲਾਏ ਕਿਸੈ ਦੇ ਨ ਭੁਲਨ੍ਹੀ ਸਚੁ ਜਾਣਨਿ ਸੋਈ॥(੪੨੫)

- ਸੂਰੁ ਮੁਕਤਾ ਸਸੀ ਮੁਕਤਾ ਬ੍ਰਹਮ ਗਿਆਨੀ ਅਲਿਪਾਇ॥
  ਸੁਭਾਵਤ ਜੈਸੇ ਬੈਸੰਤਰ ਅਲਿਪਤ ਸਦਾ ਨਿਰਮਲਾਇ॥ (੧੦੦੧)

- ਸੁਰਤੀ ਕੈ ਮਾਰਗਿ ਚਲਿ ਕੈ ਉਲਟੀ ਨਦਰਿ ਪ੍ਰਗਾਸੀ॥
  ਮਨਿ ਵੀਚਾਰਿ ਦੇਖੁ ਬ੍ਰਹਮ ਗਿਆਨੀ ਕਉਨੁ ਗਿਰਹੀ ਕਉਨੁ ਉਦਾਸੀ॥ (੧੩੨੯)

- ਗੁਰਮੁਖਿ ਮੁਕਤਾ ਗੁਰਮੁਖਿ ਜੁਗਤਾ॥ ਗੁਰਮੁਖਿ ਗਿਆਨੀ ਗੁਰਮੁਖਿ ਬਕਤਾ॥
  ਧੰਨੁ ਗਿਰਹੀ ਉਦਾਸੀ ਗੁਰਮੁਖਿ ਗੁਰਮੁਖਿ ਕੀਮਤਿ ਪਾਏ ਜੀਉ॥ (੧੩੧)

ਕਪਟੀ ਗਿਆਨੀ

ਚਤੁਰਾਈ ਅਥਵਾ ਸਿਆਣਪ ਤੋਂ ਬਿਨਾਂ ਲੋਕਾਂ ਨੂੰ ਠੱਗਿਆ ਵੀ ਨਹੀਂ ਜਾ ਸਕਦਾ। ਗਿਆਨ ਤੋਂ ਬਿਨਾਂ ਧਰਮ ਔਝੜੇ ਪੈ ਜਾਂਦਾ ਹੈ ਪਰ ਧਰਮ ਤੋਂ ਬਿਨਾਂ ਗਿਆਨ ਸੰਸਾਰ ਘਾਤਕ ਬਣ ਜਾਂਦਾ ਹੈ। ਘਾਤਕ ਗੈਸਾਂ, ਐਟਮ ਬੰਬ ਅਥਵਾ ਹਾਈਡਰੋਜਨ ਬੰਬ ਆਦਿ ਜੀਵ ਘਾਤਕ ਹਥਿਆਰ ਅਗਿਆਨੀਆਂ ਨੇ ਨਹੀਂ ਬਣਾਏ। ਇਹ ਸਭ ਕੁਝ ਉਨ੍ਹਾਂ ਵਿਦਵਾਨਾਂ ਦੀ ਦੇਣ ਹੈ ਜਿਨ੍ਹਾਂ ਨੇ ਧਰਮ ਦਾ ਕੁੰਡਾ ਸਿਰੋਂ ਵਗਾਹ ਮਾਰਿਆ ਹੈ। ਅਧਰਮੀ ਵਿਦਵਾਨਾਂ ਨੇ ਅਥਵਾ ਰੱਬ ਤੋਂ ਟੁੱਟੇ ਗਿਆਨਵਾਨਾਂ ਦੀ ਦੇਣ ਹੈ।

- ਹ੍ਰਿਦੈ ਕਪਟੁ ਮੁਖ ਗਿਆਨੀ॥ ਝੂਠੇ ਕਹਾ ਬਿਲੋਵਸਿ ਪਾਨੀ॥
  ਕਾਂਇਆ ਮਾਂਜਸਿ ਕਉਨ ਗੁਨਾਂ॥ ਜਉ ਘਟ ਭੀਤਰਿ ਹੈ ਮਲਨਾਂ॥ (੬੫੬)

- ਗਿਆਨੀ ਧਿਆਨੀ ਬਹੁ ਉਪਦੇਸੀ ਇਹੁ ਜਗੁ ਸਗਲੋ ਧੰਧਾ॥
  ਕਹਿ ਕਬੀਰ ਇਕ ਰਾਮ ਨਾਮ ਬਿਨੁ ਇਆ ਜਗੁ ਮਾਇਆ ਅੰਧਾ॥ (੩੩੯)

- ਜਜਾ ਜਾਨੈ ਹਉ ਕਛੁ ਹੂਆ॥ ਬਾਧਿਓ ਜਿਉ ਨਲਿਨੀ ਭ੍ਰਮਿ ਸੂਆ॥
  ਜਉ ਜਾਨੈ ਹਉ ਭਗਤੁ ਗਿਆਨੀ॥ ਆਗੈ ਠਾਕੁਰਿ ਤਿਲੁ ਨਹੀ ਮਾਨੀ॥ (੨੫੫)

ਅਗਿਆਨੀ

- ਬਾਝੁ ਗੁਰੂ ਹੈ ਅੰਧ ਗੁਬਾਰਾ॥ ਅਗਿਆਨੀ ਅੰਧਾ ਅੰਧੁ ਅੰਧਾਰਾ॥
ਬਿਸਟਾ ਕੇ ਕੀੜੇ ਬਿਸਟਾ ਕਮਾਵਹਿ ਫਿਰਿ ਬਿਸਟਾ ਮਾਹਿ ਪਚਾਵਣਿਆ॥ (੧੧੬)

- ਧ੍ਰਿਗੁ ਤਿਨ੍ਹਾ ਦਾ ਜੀਵਿਆ ਜੋ ਹਰਿ ਸੁਖੁ ਪਰਹਰਿ ਤਿਆਗਦੇ ਦੁਖੁ ਹਉਮੈ ਪਾਪ ਕਮਾਇ॥
ਮਨਮੁਖ ਅਗਿਆਨੀ ਮਾਇਆ ਮੋਹਿ ਵਿਆਪੇ ਤਿਨ੍ ਬੂਝ ਨ ਕਾਈ ਪਾਇ॥
ਹਲਤਿ ਪਲਤਿ ਓਇ ਸੁਖੁ ਨ ਪਾਵਹਿ ਅੰਤਿ ਗਏ ਪਛੁਤਾਇ॥
ਗੁਰ ਪਰਸਾਦੀ ਕੋ ਨਾਮੁ ਧਿਆਏ ਤਿਸੁ ਹਉਮੈ ਵਿਚਹੁ ਜਾਇ॥
ਨਾਨਕ ਜਿਸੁ ਪੂਰਬਿ ਹੋਵੈ ਲਿਖਿਆ ਸੋ ਗੁਰ ਚਰਣੀ ਆਇ ਪਾਇ॥ (੫੧੧)

- ਜਗਤੁ ਅਗਿਆਨੀ ਅੰਧੁ ਹੈ ਦੂਜੈ ਭਾਇ ਕਰਮ ਕਮਾਇ॥
ਦੂਜੈ ਭਾਇ ਜੇਤੇ ਕਰਮ ਕਰੇ ਦੁਖੁ ਲਗੈ ਤਨਿ ਧਾਇ॥
ਗੁਰ ਪਰਸਾਦੀ ਸੁਖੁ ਊਪਜੈ ਜਾ ਗੁਰ ਕਾ ਸਬਦੁ ਕਮਾਇ॥
ਸਚੀ ਬਾਣੀ ਕਰਮ ਕਰੇ ਅਨਦਿਨੁ ਨਾਮੁ ਧਿਆਇ॥
ਨਾਨਕ ਜਿਤੁ ਆਪੇ ਲਾਏ ਤਿਤੁ ਲਗੇ ਕਹਣਾ ਕਿਛੂ ਨ ਜਾਇ॥ (੫੯੩)

- ਆਪੇ ਕਰਤਾ ਕਰਿ ਕਰਿ ਵੇਖੈ॥ ਜਿਸ ਨੋ ਨਦਰਿ ਕਰੇ ਸੋਈ ਜਨੁ ਲੇਖੈ॥
ਗੁਰਮੁਖਿ ਗਿਆਨੁ ਤਿਸੁ ਸਭੁ ਕਿਛੁ ਸੂਝੈ ਅਗਿਆਨੀ ਅੰਧੁ ਕਮਾਈ ਹੇ॥ (੧੦੪੭)

- ਅਗਿਆਨੀ ਅੰਧੇ ਦੂਜੈ ਲਾਗੇ॥ ਬਿਨੁ ਪਾਣੀ ਡੁਬਿ ਮੂਏ ਅਭਾਗੇ॥
ਚਲਦਿਆ ਘਰੁ ਦਰੁ ਨਦਰਿ ਨ ਆਵੈ ਜਮ ਦਰਿ ਬਾਧਾ ਦੁਖੁ ਪਾਇਦਾ॥ (੧੦੬੩)

- ਅਗਿਆਨੀ ਅੰਧਾ ਬਹੁ ਕਰਮ ਦ੍ਰਿੜਾਏ॥ ਮਨਹਠਿ ਕਰਮ ਫਿਰਿ ਜੋਨੀ ਪਾਏ॥
ਬਿਖਿਆ ਕਾਰਣਿ ਲਬੁ ਲੋਭੁ ਕਮਾਵਹਿ ਦੁਰਮਤਿ ਕਾ ਦੋਰਾਹਾ ਹੇ॥ (੧੦੫੫)

- ਬਜਰ ਕਪਾਟ ਕਾਇਆ ਗੜ੍ ਭੀਤਰਿ ਕੂੜੁ ਕੁਸਤੁ ਅਭਿਮਾਨੀ॥
ਭਰਮਿ ਭੂਲੇ ਨਦਰਿ ਨ ਆਵਨੀ ਮਨਮੁਖ ਅੰਧ ਅਗਿਆਨੀ॥
ਉਪਾਇ ਕਿਤੈ ਨ ਲਭਨੀ ਕਰਿ ਭੇਖ ਥਕੇ ਭੇਖਵਾਨੀ॥
ਗੁਰ ਸਬਦੀ ਖੋਲਾਈਅਨ੍ਹਿ ਹਰਿ ਨਾਮੁ ਜਪਾਨੀ॥
ਹਰਿ ਜੀਉ ਅੰਮ੍ਰਿਤ ਬਿਰਖੁ ਹੈ ਜਿਨ ਪੀਆ ਤੇ ਤ੍ਰਿਪਤਾਨੀ ॥ (੫੧੪)

ਮੂਰਖ

ਆਮ ਬੋਲੀ ਵਿੱਚ ਅਕਲੋਂ ਖਾਲੀ ਭੁੱਲੜ ਮਨੁੱਖ ਨੂੰ ਮੂਰਖ ਕਿਹਾ ਜਾਂਦਾ ਹੈ। ਗੁਰਮਤਿ ਅਨੁਸਾਰ ਮੂਰਖ ਕੌਣ ਹੈ? ਜਪੁਜੀ ਸਾਹਿਬ ਵਿੱਚ ਫੁਰਮਾਨ ਹੈ **"ਕੇਤੇ ਮੂਰਖ ਖਾਹੀ ਖਾਹਿ"**, ਭਾਵ ਜਗਤ ਵਿੱਚ ਅਜੇਹੇ ਬੇਅੰਤ ਮਨੁੱਖ ਹਨ ਜੋ ਪ੍ਰਭੂ ਦੀ ਬਖਸ਼ਿਸ਼ ਤੋਂ ਮਿਲਦੇ ਬੇਅੰਤ ਮਨੁੱਖ ਹਨ ਜੋ ਪ੍ਰਭੂ ਦੀ ਬਖਸ਼ਿਸ਼ ਤੋਂ ਮਿਲਦੇ ਬੇਅੰਤ ਪਦਾਰਥ ਖਾਈ ਜਾਂਦੇ ਹਨ, ਭਾਵ ਬੇਅੰਤ ਪਦਾਰਥਾਂ ਦਾ ਸੁਖ ਭੋਗੀ ਜਾ ਰਹੇ ਹਨ, ਪਰ ਉਹ ਮੂਰਖ ਲੋਕ ਦਾਤਾਂ ਦੇਣ ਵਾਲੇ ਦਾਤਾਰ ਦਾ ਸ਼ੁਕਰਾਨਾ ਨਹੀਂ ਕਰਦੇ, ਪ੍ਰਭੂ ਨਾਮ ਦਾ ਸਿਮਰਨ ਨਹੀਂ ਕਰਦੇ। ਏਸੇ ਤਰ੍ਹਾਂ ਗੁਰਬਾਣੀ ਵਿੱਚ ਮਨੁੱਖ ਨੂੰ ਮੂਰਖ ਕਈ ਥਾਈਂ ਕਿਹਾ ਗਿਆ ਹੈ:

- **ਸੁਣਿ ਸਾਸਤ੍ ਤੂੰ ਨ ਬੁਝਹੀ ਤਾ ਫਿਰਹਿ ਬਾਰੋ ਬਾਰ॥ ਸੋ ਮੂਰਖੁ ਜੋ ਆਪੁ ਨ ਪਛਾਣਈ ਸਚਿ ਨ ਧਰੇ ਪਿਆਰੁ॥** (੪੯੨)

ਗੁਰੂ ਗ੍ਰੰਥ ਸਾਹਿਬ ਦੇ ਵਿਧੀ ਪੂਰਬਕ ਮੰਤ੍ਰ ਪਾਠ ਕਰਵਾਈ ਰੱਖਣ ਵਾਲੇ ਗੁਰੂ ਦੇ ਸਿੱਖ, ਜੇ ਆਪਣਾ ਜੀਵਨ ਗੁਰੂ ਦੀ ਮਤਿ ਅਨੁਸਾਰ ਨਹੀਂ ਬਣਾਉਂਦੇ, ਭਾਵ ਸਤਿਗੁਰਾਂ ਦਾ ਉਪਦੇਸ਼ ਨਹੀਂ ਮੰਨਦੇ ਤਾਂ ਉਹ ਵੱਡੇ ਮੂਰਖ ਹਨ:

– ਮੂਰਖਾ ਸਿਰਿ ਮੂਰਖੁ ਹੈ ਜਿ ਮੰਨੇ ਨਾਹੀ ਨਾਉ॥ (੧੦੧੫)

ਅਜੇਹੇ ਮੂਰਖ ਮਨੁੱਖ ਸਤਿਗੁਰਾਂ ਦੇ ਬਚਨ ਸੁਣਨੇ ਛੱਡ ਕੇ ਆਪਣੇ ਜਿਹੇ ਮੂਰਖਾਂ ਦੀ ਗੱਲ ਹੀ ਸੁਣਦੇ ਹਨ। ਸਤਿਗੁਰਾਂ ਨੇ ਮੂਰਖ ਦੇ ਲੱਛਣ ਸਮਝਾਉਂਦਿਆਂ ਫੁਰਮਾਇਆ ਹੈ:

– ਮੂਰਖੁ ਹੋਵੈ ਸੋ ਸੁਣੈ ਮੂਰਖ ਕਾ ਕਹਣਾ॥ ਮੂਰਖ ਕੇ ਕਿਆ ਲਖਣ ਹੈ ਕਿਆ ਮੂਰਖ ਕਾ ਕਰਣਾ॥
ਮੂਰਖੁ ਓਹੁ ਜਿ ਮੁਗਧੁ ਹੈ ਅਹੰਕਾਰੇ ਮਰਣਾ॥ ਏਤੁ ਕਮਾਣੈ ਸਦਾ ਦੁਖੁ ਦੁਖ ਹੀ ਮਹਿ ਰਹਣਾ॥
ਅਤਿ ਪਿਆਰਾ ਪਵੈ ਖੂਹਿ ਕਿਹੁ ਸੰਜਮੁ ਕਰਣਾ॥ ਗੁਰਮੁਖਿ ਹੋਇ ਸੁ ਕਰੇ ਵੀਚਾਰੁ ਓਸੁ ਅਲਿਪਤੋ ਰਹਣਾ॥
ਹਰਿ ਨਾਮੁ ਜਪੈ ਆਪਿ ਉਧਰੈ ਓਸੁ ਪਿਛੈ ਡੁਬਦੇ ਭੀ ਤਰਣਾ॥
ਨਾਨਕ ਜੋ ਤਿਸੁ ਭਾਵੈ ਸੋ ਕਰੇ ਜੋ ਦੇਇ ਸੁ ਸਹਣਾ॥ (੯੫੩)

ਸਤਿਗੁਰਾਂ ਦਾ ਉਪਦੇਸ਼ ਹੈ ਕਿ ਮੂਰਖ ਨਾਲ ਕਦੇ ਵੀ ਵਾਦ ਵਿਵਾਦ ਵਿੱਚ ਨਹੀਂ ਪੈਣਾ ਚਾਹੀਦਾ, **"ਮੂਰਖੈ ਨਾਲਿ ਨ ਲੁਝੀਐ"**। ਅਕਲੋਂ ਖਾਲੀ ਮੂਰਖ ਨਾਲ ਵਰਤਣ ਦਾ ਢੰਗ ਦੱਸਦਿਆਂ ਗੁਰੂ ਨਾਨਕ ਸਾਹਿਬ ਦਾ ਫੁਰਮਾਨ ਹੈ, **"ਮੂਰਖ ਗੰਢੁ ਪਵੈ ਮੁਹਿ ਮਾਰ"**। ਬੇਅੰਤ ਡਿਗਰੀਆਂ ਲੈ ਕੇ ਚੋਟੀ ਦਾ ਵਿਦਵਾਨ ਸਮਝਿਆ ਜਾਣ ਵਾਲਾ ਮਨੁੱਖ ਵੀ ਸਤਿਗੁਰਾਂ ਦੀ ਨਜ਼ਰ ਵਿੱਚ ਮੂਰਖ ਹੀ ਹੈ ਜੇ ਉਸ ਦੇ ਅੰਦਰ ਮਾਇਆ ਦਾ ਲੋਭ ਹੈ ਅਤੇ ਜਾਂ ਕਿਸੇ ਵੀ ਪ੍ਰਕਾਰ ਦਾ ਹੰਕਾਰ ਹੈ:

– ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ॥ (੧੪੦)

ਜੇ ਸਤਿਗੁਰਾਂ ਦੀ ਸ਼ਰਨ ਵਿੱਚ ਆ ਕੇ ਸਚੁ ਦੀ ਪ੍ਰਾਪਤੀ ਨਹੀਂ ਕੀਤੀ, ਜੇ ਉਸ ਪ੍ਰਭੂ ਦੀ ਪਛਾਣ ਨਹੀਂ ਆਈ, ਜੇ ਉਸ ਸਿਰਜਣਹਾਰ ਨਾਲ ਸਾਂਝ ਨਹੀਂ ਪਾਈ ਤਾਂ ਸਮਝੋ ਉਸ ਮਨਮੁਖ ਨੇ ਆਪਣਾ ਮਨੁੱਖਾ ਜਨਮ ਅਜਾਈਂ ਹੀ ਗੁਆ ਲਿਆ ਹੈ:

– ਮੂਰਖ ਸਚੁ ਨ ਜਾਣਨੀ ਮਨਮੁਖੀ ਜਨਮੁ ਗਵਾਇਆ॥ (੪੬੭)

ਅੱਖੀਂ ਵੇਖ ਕੇ ਵੀ ਮੂਰਖ ਮਨੁੱਖ ਆਪਣੀ ਸੁਰਤ ਅੰਦਰ ਨਹੀਂ ਵੜਦਾ:

– ਮੂਰਖੁ ਹੋਇ ਨ ਆਖੀ ਸੂਝੈ॥ ਜਿਹਵਾ ਰਸੁ ਨਹੀ ਕਹਿਆ ਬੂਝੈ॥
ਬਿਖੁ ਕਾ ਮਾਤਾ ਜਗ ਸਿਉ ਲੂਝੈ॥ (੪੧੪)

ਅਜੇਹੇ ਧਰਮ ਕਰਮੀਆਂ ਨੂੰ ਸਤਿਗੁਰਾਂ ਨੇ ਪਤਿਹੀਣ ਮੂਰਖ ਅਤੇ ਅੰਨ੍ਹਾ ਗਰਦਾਨਿਆ ਹੈ:

– ਲਿਖਿ ਲਿਖਿ ਪੜਿਆ॥ ਤੇਤਾ ਕੜਿਆ॥ ਬਹੁ ਤੀਰਥ ਭਵਿਆ॥ ਤੇਤੋ ਲਵਿਆ॥
ਬਹੁ ਭੇਖ ਕੀਆ ਦੇਹੀ ਦੁਖੁ ਦੀਆ॥ ਸਹੁ ਵੇ ਜੀਆ ਅਪਣਾ ਕੀਆ॥
ਅੰਨੁ ਨ ਖਾਇਆ ਸਾਦੁ ਗਵਾਇਆ॥ ਬਹੁ ਦੁਖੁ ਪਾਇਆ ਦੂਜਾ ਭਾਇਆ॥
ਬਸਤ੍ਰ ਨ ਪਹਿਰੈ॥ ਅਹਿਨਿਸਿ ਕਹਰੈ॥ ਮੋਨਿ ਵਿਗੂਤਾ॥
ਕਿਉ ਜਾਗੈ ਗੁਰ ਬਿਨੁ ਸੂਤਾ॥ ਪਗ ਉਪੇਤਾਣਾ॥ ਅਪਣਾ ਕੀਆ ਕਮਾਣਾ॥
ਅਲੁ ਮਲੁ ਖਾਈ ਸਿਰਿ ਛਾਈ ਪਾਈ॥ ਮੂਰਖਿ ਅੰਧੈ ਪਤਿ ਗਵਾਈ॥
ਵਿਣੁ ਨਾਵੈ ਕਿਛੁ ਥਾਇ ਨ ਪਾਈ॥ ਰਹੈ ਬੇਬਾਣੀ ਮੜੀ ਮਸਾਣੀ॥
ਅੰਧੁ ਨ ਜਾਣੈ ਫਿਰਿ ਪਛੁਤਾਣੀ॥ ਸਤਿਗੁਰੁ ਭੇਟੇ ਸੋ ਸੁਖੁ ਪਾਏ॥
ਹਰਿ ਕਾ ਨਾਮੁ ਮੰਨਿ ਵਸਾਏ॥ ਨਾਨਕ ਨਦਰਿ ਕਰੇ ਸੋ ਪਾਏ॥
ਆਸ ਅੰਦੇਸੇ ਤੇ ਨਿਹਕੇਵਲੁ ਹਉਮੈ ਸਬਦਿ ਜਲਾਏ॥ (੪੬੭)

– ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ ਸਰਬ ਜੀਆ ਕਾ ਦਾਤਾ ਰੇ॥
ਪ੍ਰਤਿਪਾਲੈ ਨਿਤ ਸਾਰਿ ਸਮਾਲੈ ਇਕੁ ਗੁਨੁ ਨਹੀ ਮੂਰਖਿ ਜਾਤਾ ਰੇ॥ (੬੧੨)

– ਮਾਇਆ ਵੇਖਿ ਨ ਭੁਲੁ ਤੂ ਮਨਮੁਖ ਮੂਰਖਾ॥ ਚਲਦਿਆ ਨਾਲਿ ਨ ਚਲਈ ਸਭੁ ਝੂਠੁ ਦਰਬੁ ਲਖਾ॥
ਅਗਿਆਨੀ ਅੰਧੁ ਨ ਬੂਝਈ ਸਿਰ ਊਪਰਿ ਜਮ ਖੜਗੁ ਕਲਖਾ॥
ਗੁਰ ਪਰਸਾਦੀ ਉਬਰੇ ਜਿਨ ਹਰਿ ਰਸੁ ਚਖਾ॥ ਆਪਿ ਕਰਾਏ ਕਰੇ ਆਪਿ ਆਪੇ ਹਰਿ ਰਖਾ॥ (੧੦੮੭)

– ਮੂਰਖ ਮਨ ਸਮਝਾਇ ਆਖਉ ਕੇਤੜਾ॥ ਗੁਰਮੁਖਿ ਹਰਿ ਗੁਣ ਗਾਇ ਰੰਗਿ ਰੰਗੇਤੜਾ॥ (੭੫੨)

– ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥ ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ॥ (੧੧੨੭)

ਮੂੜ, ਮੂੜਾ, ਮੂੜ੍ਹ, ਮੂਢ

– ਜਜੈ ਜੋਤਿ ਹਿਰਿ ਲਈ ਤੇਰੀ ਮੂੜੇ ਅੰਤਿ ਗਇਆ ਪਛੁਤਾਵਹਿਗਾ॥
ਏਕੁ ਸਬਦੁ ਤੂੰ ਚੀਨਹਿ ਨਾਹੀ ਫਿਰਿ ਫਿਰਿ ਜੂਨੀ ਆਵਹਿਗਾ॥ (੪੩੪)

– ਸਸੈ ਸੰਜਮੁ ਗਇਓ ਮੂੜੇ ਏਕੁ ਦਾਨੁ ਤੁਧੁ ਕੁਥਾਇ ਲਇਆ॥
ਸਾਈ ਪੁੜ੍ਹੀ ਜਜਮਾਨ ਕੀ ਸਾ ਤੇਰੀ ਏਤੁ ਧਾਨਿ ਖਾਧੈ ਤੇਰਾ ਜਨਮੁ ਗਇਆ॥ (੪੩੫)

– ਰੇ ਮੂੜੇ ਲਾਹੇ ਕਉ ਤੂੰ ਢੀਲਾ ਢੀਲਾ ਤੋਟੇ ਕਉ ਬੇਗਿ ਧਾਇਆ॥
ਸਸਤ ਵਖਰੁ ਤੂੰ ਘਿੰਨਹਿ ਨਾਹੀ ਪਾਪੀ ਬਾਧਾ ਰੇਨਾਇਆ॥ (੪੦੨)

– ਅੰਤਰਿ ਵਸਤੁ ਮੂੜਾ ਬਾਹਰੁ ਭਾਲੇ॥ ਮਨਮੁਖ ਅੰਧੇ ਫਿਰਹਿ ਬੇਤਾਲੇ॥
ਜਿਥੈ ਵਥੁ ਹੋਵੈ ਤਿਥਹੁ ਕੋਇ ਨ ਪਾਵੈ ਮਨਮੁਖ ਭਰਮਿ ਭੁਲਾਵਣਿਆ॥ (੧੧੭)

– ਗੁਰ ਕਾ ਸਬਦੁ ਸਮਾਲਿ ਤੂ ਮੂੜੇ ਗਤਿ ਮਤਿ ਸਬਦੇ ਪਾਏ॥
ਨਾਨਕ ਸਤਿਗੁਰੁ ਤਦ ਹੀ ਪਾਏ ਜਾਂ ਵਿਚਹੁ ਆਪੁ ਗਵਾਏ॥ (੫੫੦)

– ਦ੍ਰਿੜੁ ਕਰਿ ਮਾਨੈ ਮਨਹਿ ਪ੍ਰਤੀਤਿ॥ ਕਾਲੁ ਨ ਆਵੈ ਮੂੜੇ ਚੀਤਿ॥ (੨੬)

ਮੁਗਧ

– ਨਿਰਗੁਣੁ ਮੁਗਧੁ ਅਜਾਣੁ ਅਗਿਆਨੀ ਕਰਮ ਧਰਮ ਨਹੀ ਜਾਣਾ॥
ਦਇਆ ਕਰਹੁ ਨਾਨਕੁ ਗੁਣ ਗਾਵੈ ਮਿਠਾ ਲਗੈ ਤੇਰਾ ਭਾਣਾ॥ (੭੪੮)

– ਕਿਸੁ ਭਰਵਾਸੈ ਬਿਚਰਹਿ ਭਵਨ॥ ਮੂੜ ਮੁਗਧ ਤੇਰਾ ਸੰਗੀ ਕਵਨ॥
ਰਾਮੁ ਸੰਗੀ ਤਿਸੁ ਗਤਿ ਨਹੀ ਜਾਨਹਿ॥ ਪੰਚ ਬਟਵਾਰੇ ਸੇ ਮੀਤ ਕਰਿ ਮਾਨਹਿ॥ (੮੯੮)

– ਲਾਹਾ ਨਾਮੁ ਰਤਨੁ ਜਪਿ ਸਾਰੁ॥ ਲਬੁ ਲੋਭੁ ਬੁਰਾ ਅਹੰਕਾਰੁ॥
ਲਾੜੀ ਚਾੜੀ ਲਾਇਤਬਾਰੁ॥ ਮਨਮੁਖੁ ਅੰਧਾ ਮੁਗਧੁ ਗਵਾਰੁ॥
ਲਾਹੇ ਕਾਰਣਿ ਆਇਆ ਜਗਿ॥ ਹੋਇ ਮਜੂਰੁ ਗਇਆ ਠਗਾਇ ਠਗਿ॥
ਲਾਹਾ ਨਾਮੁ ਪੂੰਜੀ ਵੇਸਾਹੁ॥ ਨਾਨਕ ਸਚੀ ਪਤਿ ਸਚਾ ਪਾਤਿਸਾਹੁ॥ (੯੩੧)

– ਹਮਰਾ ਚਿਤੁ ਲੁਭਤ ਮੋਹਿ ਬਿਖਿਆ ਬਹੁ ਦੁਰਮਤਿ ਮੈਲੁ ਭਰਾ॥
ਤੁਮ੍ਰੀ ਸੇਵਾ ਕਰਿ ਨ ਸਕਹ ਪ੍ਰਭ ਹਮ ਕਿਉ ਕਰਿ ਮੁਗਧ ਤਰਾ॥ (੭੯੯)

– ਮਹਾ ਮੁਗਧ ਅਜਾਨ ਅਗਿਆਨੀ ਰਾਖੇ ਧਾਰਿ ਦਏ॥ ਕਹੁ ਨਾਨਕ ਗੁਰੁ ਪੂਰਾ ਭੇਟਿਓ ਆਵਨ ਜਾਨ ਰਹੇ॥(੮੨੯)

– ਰਾਜ ਤੇ ਕੀਟ ਕੀਟ ਤੇ ਸੁਰਪਤਿ ਕਰਿ ਦੋਖ ਜਠਰ ਕਉ ਭਰਤੇ॥
ਕ੍ਰਿਪਾ ਨਿਧਿ ਛੋਡਿ ਆਨ ਕਉ ਪੂਜਹਿ ਆਤਮ ਘਾਤੀ ਹਰਤੇ॥
ਹਰਿ ਬਿਸਰਤ ਤੇ ਦੁਖਿ ਦੁਖਿ ਮਰਤੇ॥
ਅਨਿਕ ਬਾਰ ਭ੍ਰਮਹਿ ਬਹੁ ਜੋਨੀ ਟੇਕ ਨ ਕਾਹੂ ਧਰਤੇ॥ਰਹਾਉ॥
ਤਿਆਗਿ ਸੁਆਮੀ ਆਨ ਕਉ ਚਿਤਵਤ ਮੂੜ ਮੁਗਧ ਖਲ ਖਰ ਤੇ॥
ਕਾਗਰ ਨਾਵ ਲੰਘਹਿ ਕਤ ਸਾਗਰੁ ਬ੍ਰਿਥਾ ਕਥਤ ਹਮ ਤਰਤੇ॥ (੧੨੬੭)

– ਜਾ ਕੀ ਟਹਲ ਪਾਵੈ ਦਰਗਹ ਮਾਨੁ॥ ਤਿਸਹਿ ਬਿਸਾਰੈ ਮੁਗਧੁ ਅਜਾਨੁ॥ (੨੬੭)

ਸੰਸਾਰ ਨੇ ਤਾਂ ਪ੍ਰਭੂ ਨਾਲ ਇੱਕ ਮਿੱਕ ਹੋਏ ਮਹਾਂਪੁਰਖਾਂ ਨੂੰ ਵੀ ਖ਼ਤਰਾ ਘੋਸ਼ਿਤ ਕਰਕੇ ਸੂਲੀ ਤੇ ਚਾੜ੍ਹਿਆ, ਵੱਟੇ ਮਾਰ ਕੇ ਮਾਰ ਦਿੱਤਾ, ਤੱਤੀ ਤਵੀ ਤੇ ਬਿਠਾ ਕੇ ਗਰਮ ਰੇਤ ਨਾਲ ਸਰੀਰ ਭੁੜਕਾ ਦਿੱਤਾ ਪਰ ਸਤਿਗੁਰੂ ਨਾਨਕ ਜੀ ਨੇ ਆਪਣੇ ਤਜ਼ਰਬੇ ਦੇ ਅਧਾਰ ਤੇ ਇਉਂ ਵੀ ਫੁਰਮਾਨ ਕੀਤਾ ਹੈ ਕਿ ਨਿਰਾ ਮੂਰਖ ਹੀ ਨਹੀਂ ਸਗੋਂ ਭੂਤਨਾ ਅਤੇ ਬੇਤਾਲਾ ਵੀ ਆਖਿਆ ਹੈ:

– ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ॥ ਕੋਈ ਆਖੈ ਆਦਮੀ ਨਾਨਕੁ ਵੇਚਾਰਾ॥
ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ॥ ਹਉ ਹਰਿ ਬਿਨੁ ਅਵਰੁ ਨ ਜਾਨਾ॥ਰਹਾਉ॥
ਤਉ ਦੇਵਾਨਾ ਜਾਣੀਐ ਜਾ ਭੈ ਦੇਵਾਨਾ ਹੋਇ॥ ਏਕੀ ਸਾਹਿਬ ਬਾਹਰਾ ਦੂਜਾ ਅਵਰੁ ਨ ਜਾਣੈ ਕੋਇ॥
ਤਉ ਦੇਵਾਨਾ ਜਾਣੀਐ ਜਾ ਏਕਾ ਕਾਰ ਕਮਾਇ॥ ਹੁਕਮੁ ਪਛਾਣੈ ਖਸਮ ਕਾ ਦੂਜੀ ਅਵਰ ਸਿਆਣਪ ਕਾਇ॥
ਤਉ ਦੇਵਾਨਾ ਜਾਣੀਐ ਜਾ ਸਾਹਿਬ ਧਰੇ ਪਿਆਰੁ॥ ਮੰਦਾ ਜਾਣੈ ਆਪ ਕਉ ਅਵਰੁ ਭਲਾ ਸੰਸਾਰੁ॥ (੯੯੧)

ਲੋਕਾਂ ਨੇ ਉਸ ਨੂੰ ਮੂਰਖ ਅਥਵਾ ਬੇਤਾਲਾ ਕਹਿ ਦਿੱਤਾ ਜਿਹੜਾ ਮਹਾਂਪੁਰਖ ਪ੍ਰਭੂ ਦੇ ਪਿਆਰ ਰੰਗ ਵਿੱਚ ਰੰਗਿਆ ਹੋਇਆ ਸੀ। ਸਤਿਗੁਰਾਂ ਦਾ ਫੁਰਮਾਨ ਹੈ ਕਿ ਮਨੁੱਖ ਨੂੰ ਚਾਹੀਦਾ ਹੈ ਕਿ ਉਹ ਆਪਣੇ ਆਪ ਦੇ ਐਬ ਵੇਖੇ ਅਤੇ ਲੋਕਾਂ ਨੂੰ ਆਪਣੇ ਨਾਲੋਂ ਚੰਗਾ ਸਮਝੇ।

ਗਾਵਾਰ

– ਜੇਵਡੁ ਭਾਵੈ ਤੇਵਡੁ ਹੋਇ॥ ਨਾਨਕ ਜਾਣੈ ਸਾਚਾ ਸੋਇ॥
ਜੇ ਕੋ ਆਖੈ ਬੋਲੁਵਿਗਾੜੁ॥ ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ॥ (੬)

ਗੁਰੂ ਨਾਨਕ ਸਾਹਿਬ ਜੀ ਦਾ ਫੁਰਮਾਨ ਹੈ ਕਿ ਪ੍ਰਮਾਤਮਾ ਜਿੰਨਾ ਚਾਹੇ ਉਨ੍ਹਾਂ ਹੀ ਵੱਡਾ ਹੋ ਜਾਂਦਾ ਹੈ। ਉਹ ਸਦਾ ਥਿਰ ਰਹਿਣ ਵਾਲਾ ਹਰੀ ਆਪ ਹੀ ਜਾਣਦਾ ਹੈ ਕਿ ਉਹ ਕਿਡਾ ਵੱਡਾ ਹੈ। ਜੇ ਕੋਈ ਬੜਬੋਲਾ (ਬੋਲ ਵਿਗਾੜ) ਮਨੁੱਖ ਦੱਸਣ ਲੱਗੇ ਕਿ ਪ੍ਰਮਾਤਮਾ ਕਿਤਨਾ ਵੱਡਾ ਹੈ ਤਾਂ ਉਹ ਮਨੁੱਖ ਮੂਰਖਾਂ ਸਿਰ ਮੂਰਖ ਗਿਣਿਆ ਜਾਂਦਾ ਹੈ।

– ਸਤਿਗੁਰੁ ਨ ਸੇਵਹਿ ਮੂਰਖ ਅੰਧ ਗਵਾਰਾ॥ ਫਿਰਿ ਓਇ ਕਿਥਹੁ ਪਾਇਨਿ ਮੋਖ ਦੁਆਰਾ॥
ਮਰਿ ਮਰਿ ਜੰਮਹਿ ਫਿਰਿ ਫਿਰਿ ਆਵਹਿ ਜਮ ਦਰਿ ਚੋਟਾ ਖਾਵਣਿਆ॥ (੧੧੫)

– ਥਥਾ ਥਿਰੁ ਕੋਊ ਨਹੀ ਕਾਇ ਪਸਾਰਹੁ ਪਾਵ॥ ਅਨਿਕ ਬੰਚ ਬਲ ਛਲ ਕਰਹੁ ਮਾਇਆ ਏਕ ਉਪਾਵ॥
ਥੈਲੀ ਸੰਚਹੁ ਸ੍ਰਮੁ ਕਰਹੁ ਥਾਕਿ ਪਰਹੁ ਗਾਵਾਰ॥ ਮਨ ਕੈ ਕਾਮਿ ਨ ਆਵਈ ਅੰਤੇ ਅਉਸਰ ਬਾਰ॥ (੨੫੭)

– ਜਿਨਿ ਕੀਆ ਤਿਸੁ ਸਿਮਰਿ ਪਰਾਨੀ ਜੀਉ ਪ੍ਰਾਨ ਜਿਨਿ ਧਾਰਾ॥

ਤਿਸਹਿ ਤਿਆਗਿ ਅਵਰ ਲਪਟਾਵਹਿ ਮਰਿ ਜਨਮਹਿ ਮੁਗਧ ਗਵਾਰਾ॥ (੫੩੦)

- ਏਹੁ ਸਭੁ ਕਿਛੁ ਆਵਣ ਜਾਣੁ ਹੈ ਜੇਤਾ ਹੈ ਆਕਾਰੁ॥ ਜਿਨਿ ਏਹੁ ਲੇਖਾ ਲਿਖਿਆ ਸੋ ਹੋਆ ਪਰਵਾਣੁ॥
ਨਾਨਕ ਜੇ ਕੋ ਆਪੁ ਗਣਾਇਦਾ ਸੋ ਮੂਰਖੁ ਗਾਵਾਰੁ॥ (੫੧੬)

- ਕਹਿ ਕਬੀਰ ਚੇਤੈ ਨਹੀ ਮੂਰਖੁ ਮੁਗਧੁ ਗਵਾਰੁ॥ ਰਾਮੁ ਨਾਮੁ ਜਾਨਿਓ ਨਹੀ ਕੈਸੇ ਉਤਰਸਿ ਪਾਰਿ॥ (੧੧੦੫)

- ਤਿਲੁ ਤਿਲੁ ਪਲੁ ਪਲੁ ਅਉਧ ਫੁਨਿ ਘਾਟੈ ਬੂਝਿ ਨ ਸਕੈ ਗਵਾਰੁ॥
ਸੋ ਕਿਛੁ ਕਰੈ ਜਿ ਸਾਥਿ ਨ ਚਾਲੈ ਇਹੁ ਸਾਕਤ ਕਾ ਆਚਾਰੁ॥ (੧੨੦੦)

- ਆਦਿ ਅੰਤਿ ਜੋ ਰਾਖਨਹਾਰੁ॥ ਤਿਸ ਸਿਉ ਪ੍ਰੀਤਿ ਨ ਕਰੈ ਗਵਾਰੁ॥
ਜਾ ਕੀ ਸੇਵਾ ਨਵ ਨਿਧਿ ਪਾਵੈ॥ ਤਾ ਸਿਉ ਮੂੜਾ ਮਨੁ ਨਹੀ ਲਾਵੈ॥
ਜੋ ਠਾਕੁਰੁ ਸਦ ਸਦਾ ਹਜੂਰੇ॥ ਤਾ ਕਉ ਅੰਧਾ ਜਾਨਤ ਦੂਰੇ॥
ਜਾ ਕੀ ਟਹਲ ਪਾਵੈ ਦਰਗਹ ਮਾਨੁ॥ ਤਿਸਹਿ ਬਿਸਾਰੈ ਮੁਗਧੁ ਅਜਾਨੁ॥
ਸਦਾ ਸਦਾ ਇਹੁ ਭੂਲਨਹਾਰੁ॥ ਨਾਨਕ ਰਾਖਨਹਾਰੁ ਅਪਾਰੁ॥ (੨੬੭)

ਅੰਧਾ (ਅੰਨ੍ਹਾ)

ਸਤਿਗੁਰਾਂ ਨੇ ਨੇਤ੍ਰਹੀਣ ਨੂੰ ਅੰਧਾ ਨਹੀਂ ਕਿਹਾ, ਸਗੋਂ ਉਸ ਮਨੁੱਖ ਨੂੰ ਅੰਨ੍ਹਾ ਨਹੀਂ ਮੰਨਿਆ ਜਿਸ ਦੀਆਂ ਦੋਵੇਂ ਅੱਖਾਂ ਬੰਦ ਹਨ। ਅੱਖਾਂ ਤੋਂ ਬਿਨਾਂ ਪੈਦਾ ਹੋਏ ਮਨੁੱਖ ਨੂੰ ਗੁਰਮਤਿ ਨੇ ਅੰਨ੍ਹਾ ਘੋਸ਼ਿਤ ਨਹੀਂ ਕੀਤਾ। ਫਿਰ ਗੁਰਮਤਿ ਨੇ ਅੰਧਾ ਕਿਸਨੂੰ ਮੰਨਿਆ ਹੈ?

- ਅੰਧੇ ਕੈ ਰਾਹਿ ਦਸਿਐ ਅੰਧਾ ਹੋਇ ਸੁ ਜਾਇ॥ ਹੋਇ ਸੁਜਾਖਾ ਨਾਨਕਾ ਸੋ ਕਿਉ ਉਝੜਿ ਪਾਇ॥
ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ॥ ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ॥ (੯੫੪)

- ਸੋ ਕਿਉ ਅੰਧਾ ਆਖੀਐ ਜਿ ਹੁਕਮਹੁ ਅੰਧਾ ਹੋਇ॥ ਨਾਨਕ ਹੁਕਮੁ ਨ ਬੁਝਈ ਅੰਧਾ ਕਹੀਐ ਸੋਇ॥ (੯੫੪)

- ਡਾਲੀ ਲਾਗੈ ਨਿਹਫਲੁ ਜਾਇ॥ ਅੰਧੀ ਕੰਮੀ ਅੰਧ ਸਜਾਇ॥
ਮਨਮੁਖ ਅੰਧਾ ਠਉਰ ਨ ਪਾਇ॥ ਬਿਸਟਾ ਕਾ ਕੀੜਾ ਬਿਸਟਾ ਮਾਹਿ ਪਚਾਇ॥ (੩੬੨)

- ਇਹੁ ਜਗੁ ਅੰਧਾ ਸਭੁ ਅੰਧੁ ਕਮਾਵੈ ਬਿਨੁ ਗੁਰ ਮਗੁ ਨ ਪਾਏ॥
ਨਾਨਕ ਸਤਿਗੁਰੁ ਮਿਲੈ ਤ ਅਖੀ ਵੇਖੈ ਘਰੈ ਅੰਦਰਿ ਸਚੁ ਪਾਏ॥ (੬੦੩)

ਹੁਕਮ ਦੀ ਪਛਾਣ ਤੋਂ ਕੋਰਾ, ਆਪ ਹੁਦਰਾ ਹੰਕਾਰੀ ਮਨਮੁਖ ਅੰਨ੍ਹਾ ਹੀ ਹੁੰਦਾ ਹੈ। ਧਾਰਮਿਕ ਭੇਖ ਵਿੱਚ ਪੂਰੇ ਪਰ ਆਚਰਣ ਦੇ ਢਿੱਲੇ, ਪੱਤ੍ਰੀ ਵਾਚ ਕੇ ਸ਼ੁਭ ਮਹੂਰਤ ਦੱਸ ਕੇ ਲੋਕਾਂ ਦੇ ਵਿਆਹ ਕਰਨ ਵਾਲੇ ਸਿਆਣੇ, ਮਹਾਂ ਵਿਦਵਾਨ ਅਤੇ ਬੜੇ ਸੁਜਾਨ ਬਣੀ ਬੈਠੇ, ਪਰ ਮਨ ਦੇ ਅੰਧੇ, ਬ੍ਰਾਹਮਣ ਗੁਰੂ ਨੂੰ ਸਤਿਗੁਰਾਂ ਨੇ ਵਿਦਵਾਨ ਜਾਂ ਸਿਆਣਾ ਨਹੀਂ ਮੰਨਿਆ:

- ਤਗੁ ਨ ਇੰਦ੍ਰੀ ਤਗੁ ਨ ਨਾਰੀ॥ ਭਲਕੇ ਥੁਕ ਪਵੈ ਨਿਤ ਦਾੜੀ॥
ਤਗੁ ਨ ਪੈਰੀ ਤਗੁ ਨ ਹਥੀ॥ ਤਗੁ ਨ ਜਿਹਵਾ ਤਗੁ ਨ ਅਖੀ॥
ਵੇਤਗਾ ਆਪੇ ਵਤੈ॥ ਵਟਿ ਧਾਗੇ ਅਵਰਾ ਘਤੈ॥
ਲੈ ਭਾੜਿ ਕਰੇ ਵੀਆਹੁ॥ ਕਢਿ ਕਾਗਲੁ ਦਸੇ ਰਾਹੁ॥

ਸੁਣਿ ਵੇਖਹੁ ਲੋਕਾ ਏਹੁ ਵਿਡਾਣੁ॥ ਮਨਿ ਅੰਧਾ ਨਾਉ ਸੁਜਾਣੁ॥ (੪੭੧)

ਅਕਲ ਦੇ ਅੰਨ੍ਹੇ ਅਥਵਾ ਮਾਇਆ ਦੇ ਮੋਹ ਵਿੱਚ ਅੰਨ੍ਹੇ ਗੁਰੂ ਤੋਂ ਲੋਕਾਂ ਦੇ ਮਨ ਦਾ ਭਰਮ ਨਹੀਂ ਜਾ ਸਕਦਾ:

- ਅੰਧੇ ਗੁਰੂ ਤੇ ਭਰਮੁ ਨ ਜਾਈ॥ ਮੂਲੁ ਛੋਡਿ ਲਾਗੇ ਦੂਜੈ ਭਾਈ॥
  ਬਿਖੁ ਕਾ ਮਾਤਾ ਬਿਖੁ ਮਾਹਿ ਸਮਾਈ॥ (੨੩੨)

- ਗੁਰਮੁਖਿ ਚਿਤੁ ਨ ਲਾਇਓ ਅੰਤਿ ਦੁਖੁ ਪਹੁਤਾ ਆਇ॥
  ਅੰਦਰਹੁ ਬਾਹਰਹੁ ਅੰਧਿਆਂ ਸੁਧਿ ਨ ਕਾਈ ਪਾਇ॥ (੬੪੭)

- ਅੰਧੇ ਖਾਵਹਿ ਬਿਸੂ ਕੇ ਗਟਾਕ॥
  ਨੈਨ ਸ੍ਰਵਨ ਸਰੀਰੁ ਸਭੁ ਹੁਟਿਓ ਸਾਸੁ ਗਇਓ ਤਤ ਘਾਟ॥ਰਹਾਉ॥
  ਅਨਾਥ ਰਵਾਣਿ ਉਦਰੁ ਲੇ ਪੋਖਹਿ ਮਾਇਆ ਗਈਆ ਹਾਟਿ॥
  ਕਿਲਬਿਖ ਕਰਤ ਕਰਤ ਪਛੁਤਾਵਹਿ ਕਬਹੁ ਨ ਸਾਕਹਿ ਛਾਂਟਿ॥ (੧੨੨੪)

- ਬਿਨੁ ਸਤਿਗੁਰ ਸਭੁ ਜਗੁ ਬਉਰਾਨਾ॥ ਮਨਮੁਖਿ ਅੰਧਾ ਸਬਦੁ ਨ ਜਾਣੈ ਝੂਠੈ ਭਰਮਿ ਭੁਲਾਨਾ॥ (੬੦੪)

- ਅੰਧੀ ਕੰਮੀ ਅੰਧੁ ਮਨੁ ਮਨਿ ਅੰਧੈ ਤਨੁ ਅੰਧੁ॥ ਚਿਕੜਿ ਲਾਇਐ ਕਿਆ ਥੀਐ ਜਾਂ ਤੁਟੈ ਪਥਰ ਬੰਧੁ॥
  ਬੰਧੁ ਤੁਟਾ ਬੇੜੀ ਨਹੀ ਨਾ ਤੁਲਹਾ ਨਾ ਹਾਥ॥ ਨਾਨਕ ਸਚੇ ਨਾਮ ਵਿਣੁ ਕੇਤੇ ਡੁਬੇ ਸਾਥ॥ (੧੨੮੭)

- ਨਾਨਕ ਅੰਧਾ ਹੋਇ ਕੈ ਰਤਨਾ ਪਰਖਣ ਜਾਇ॥ ਰਤਨਾ ਸਾਰ ਨ ਜਾਣਈ ਆਵੈ ਆਪੁ ਲਖਾਇ॥ਮਃ ੨॥
  ਰਤਨਾ ਕੇਰੀ ਗੁਥਲੀ ਰਤਨੀ ਖੋਲੀ ਆਇ॥ ਵਖਰ ਤੈ ਵਣਜਾਰਿਆ ਦੁਹਾ ਰਹੀ ਸਮਾਇ॥
  ਜਿਨ ਗੁਣੁ ਪਲੈ ਨਾਨਕਾ ਮਾਣਕ ਵਣਜਹਿ ਸੇਇ॥ ਰਤਨਾ ਸਾਰ ਨ ਜਾਣਨੀ ਅੰਧੇ ਵਤਹਿ ਲੋਇ॥ (੯੫੪)

- ਅੰਧੇ ਚਾਨਣੁ ਤਾ ਥੀਐ ਜਾ ਸਤਿਗੁਰੁ ਮਿਲੈ ਰਜਾਇ॥ ਬੰਧਨ ਤੋੜੈ ਸਚਿ ਵਸੈ ਅਗਿਆਨੁ ਅਧੇਰਾ ਜਾਇ॥
  ਸਭੁ ਕਿਛੁ ਦੇਖੈ ਤਿਸੈ ਕਾ ਜਿਨਿ ਕੀਆ ਤਨੁ ਸਾਜਿ॥
  ਨਾਨਕ ਸਰਣਿ ਕਰਤਾਰ ਕੀ ਕਰਤਾ ਰਾਖੈ ਲਾਜ॥ (੫੫੧)

- ਅੰਧੌ ਬੋਲੌ ਮੁਗਧੁ ਗਵਾਰੁ॥ ਹੀਣੌ ਨੀਚੁ ਬੁਰੌ ਬੁਰਿਆਰੁ॥
  ਨੀਧਨ ਕੌ ਧਨੁ ਨਾਮੁ ਪਿਆਰੁ॥ ਇਹੁ ਧਨੁ ਸਾਰੁ ਹੋਰੁ ਬਿਖਿਆ ਛਾਰੁ॥ (੧੩੩੦)

- ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ॥
  ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ॥ (੧੩੭੨)

- ਮਾਧੋ ਅਬਿਦਿਆ ਹਿਤ ਕੀਨ॥ ਬਿਬੇਕ ਦੀਪ ਮਲੀਨ॥ (੪੯੬)

ਸਤਿਗੁਰਾਂ ਦਾ ਨਿਆਰਾ ਉਪਦੇਸ਼ ਢੰਗ

ਮਨੁੱਖ ਵਿੱਚ ਨਿਮਰਤਾ ਗੁਣ ਨਾਲੋਂ ਨਾਲ ਭਰਦੇ ਰਹਿਣ ਲਈ, ਸਾਰੇ ਔਗੁਣ, ਸਾਰੀਆਂ ਕਮੀਆਂ ਆਪਣੇ ਆਪ ਵਿੱਚ ਦਰਸਾਉਣੀਆਂ, ਗੁਰਦੇਵ ਜੀ ਦਾ ਬੜਾ ਮਿੱਠਾ ਅਤੇ ਨਿਆਰਾ ਉਪਦੇਸ਼ ਢੰਗ ਹੈ। ਸਾਡੇ ਲਈ ਜ਼ਰੂਰੀ ਬਣਦਾ ਹੈ ਕਿ ਅਸੀਂ ਸਤਿਗੁਰਾਂ ਦੇ ਇਸ ਉਪਕਾਰ ਤੋਂ ਵੱਧ ਤੋਂ ਵੱਧ ਲਾਭ ਪ੍ਰਾਪਤ ਕਰਦੇ ਰਹੀਏ:

- ਨਾ ਹਉ ਜਤੀ ਸਤੀ ਨਹੀ ਪੜਿਆ ਮੂਰਖ ਮੁਗਧਾ ਜਨਮੁ ਭਇਆ॥

ਪ੍ਰਣਵਤਿ ਨਾਨਕ ਤਿਨ ਕੀ ਸਰਣਾ ਜਿਨ ਤੂ ਨਾਹੀ ਵੀਸਰਿਆ॥ (੧੨)

- ਮੇਰੇ ਸਤਿਗੁਰਾ ਮੈ ਤੁਝ ਬਿਨੁ ਅਵਰੁ ਨ ਕੋਇ॥
ਹਮ ਮੂਰਖ ਮੁਗਧ ਸਰਣਾਗਤੀ ਕਰਿ ਕਿਰਪਾ ਮੇਲੇ ਹਰਿ ਸੋਇ॥ (੩੯)

- ਰਾਮ ਹਮ ਸਤਿਗੁਰ ਪਾਰਬ੍ਰਹਮ ਕਰਿ ਮਾਨੇ॥
ਹਮ ਮੂੜ ਮੁਗਧ ਅਸੁਧ ਮਤਿ ਹੋਤੇ ਗੁਰ ਸਤਿਗੁਰ ਕੈ ਬਚਨਿ ਹਰਿ ਹਮ ਜਾਨੇ॥ (੧੬੯)

- ਮੂਰਖ ਮੁਗਧ ਅਨਾਥ ਚੰਚਲ ਬਲਹੀਨ ਨੀਚ ਅਜਾਣਾ॥
ਬਿਨਵੰਤਿ ਨਾਨਕ ਸਰਣਿ ਤੇਰੀ ਰਖਿ ਲੇਹੁ ਆਵਣ ਜਾਣਾ॥ (੫੪੩)

- ਮੈ ਮੂਰਖ ਕੀ ਕੇਤਕ ਬਾਤ ਹੈ ਕੋਟਿ ਪਰਾਧੀ ਤਰਿਆ ਰੇ॥
ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ॥ (੬੧੨)

- ਹਮ ਮੂਰਖ ਮੂਰਖ ਮਨ ਮਾਹਿ॥ ਹਉਮੈ ਵਿਚਿ ਸਭ ਕਾਰ ਕਮਾਹਿ॥
ਗੁਰ ਪਰਸਾਦੀ ਹੰਉਮੈ ਜਾਇ॥ ਆਪੇ ਬਖਸੇ ਲਏ ਮਿਲਾਇ॥ (੬੬੬)

- ਹਮ ਮੂਰਖ ਮੁਗਧ ਸਰਣਾਗਤੀ ਮਿਲੁ ਗੋਵਿੰਦ ਰੰਗਾ ਰਾਮ ਰਾਜੇ॥
ਗੁਰਿ ਪੂਰੈ ਹਰਿ ਪਾਇਆ ਹਰਿ ਭਗਤਿ ਇਕ ਮੰਗਾ॥
ਮੇਰਾ ਮਨੁ ਤਨੁ ਸਬਦਿ ਵਿਗਾਸਿਆ ਜਪਿ ਅਨਤ ਤਰੰਗਾ॥
ਮਿਲਿ ਸੰਤ ਜਨਾ ਹਰਿ ਪਾਇਆ ਨਾਨਕ ਸਤਸੰਗਾ॥ (੪੪੯)

- ਹਰਿ ਕੀ ਵਡਿਆਈ ਹਉ ਆਖਿ ਨ ਸਾਕਾ ਹਉ ਮੂਰਖੁ ਮੁਗਧੁ ਨੀਚਾਣੁ॥
ਜਨ ਨਾਨਕ ਕਉ ਹਰਿ ਬਖਸਿ ਲੈ ਮੇਰੇ ਸੁਆਮੀ ਸਰਣਾਗਤਿ ਪਇਆ ਅਜਾਣੁ॥ (੭੩੬)

- ਹਮ ਮੂਰਖ ਮੁਗਧ ਅਗਿਆਨ ਮਤੀ ਸਰਣਾਗਤਿ ਪੁਰਖ ਅਜਨਮਾ॥
ਕਰਿ ਕਿਰਪਾ ਰਖਿ ਲੇਵਹੁ ਮੇਰੇ ਠਾਕੁਰ ਹਮ ਪਾਥਰ ਹੀਨ ਅਕਰਮਾ॥ (੭੯੯)

- ਨਾ ਜਾਣਾ ਮੂਰਖੁ ਹੈ ਕੋਈ ਨਾ ਜਾਣਾ ਸਿਆਣਾ॥ ਸਦਾ ਸਾਹਿਬ ਕੈ ਰੰਗੇ ਰਾਤਾ ਅਨਦਿਨੁ ਨਾਮੁ ਵਖਾਣਾ॥
ਬਾਬਾ ਮੂਰਖੁ ਹਾ ਨਾਵੈ ਬਲਿ ਜਾਉ॥ ਤੂ ਕਰਤਾ ਤੂ ਦਾਨਾ ਬੀਨਾ ਤੇਰੈ ਨਾਮਿ ਤਰਾਉ॥ਰਹਾਉ॥
ਮੂਰਖੁ ਸਿਆਣਾ ਏਕੁ ਹੈ ਏਕ ਜੋਤਿ ਦੁਇ ਨਾਉ॥ ਮੂਰਖਾ ਸਿਰਿ ਮੂਰਖੁ ਹੈ ਜਿ ਮੰਨੇ ਨਾਹੀ ਨਾਉ॥
ਗੁਰ ਦੁਆਰੈ ਨਾਉ ਪਾਈਐ ਬਿਨੁ ਸਤਿਗੁਰ ਪਲੈ ਨ ਪਾਇ॥
ਸਤਿਗੁਰ ਕੈ ਭਾਣੈ ਮਨਿ ਵਸੈ ਤਾ ਅਹਿਨਿਸਿ ਰਹੈ ਲਿਵ ਲਾਇ॥
ਰਾਜੰ ਰੰਗੰ ਰੂਪੰ ਮਾਲੰ ਜੋਬਨੁ ਤੇ ਜੂਆਰੀ॥ ਹੁਕਮੀ ਬਾਧੇ ਪਾਸੈ ਖੇਲਹਿ ਚਉਪੜਿ ਏਕਾ ਸਾਰੀ॥
ਜਗਿ ਚਤੁਰੁ ਸਿਆਣਾ ਭਰਮਿ ਭੁਲਾਣਾ ਨਾਉ ਪੰਡਿਤ ਪੜਹਿ ਗਾਵਾਰੀ॥
ਨਾਉ ਵਿਸਾਰਹਿ ਬੇਦੁ ਸਮਾਲਹਿ ਬਿਖੁ ਭੂਲੇ ਲੇਖਾਰੀ॥
ਕਲਰ ਖੇਤੀ ਤਰਵਰ ਕੰਠੇ ਬਾਗਾ ਪਹਿਰਹਿ ਕਜਲੁ ਝਰੈ॥
ਏਹੁ ਸੰਸਾਰੁ ਤਿਸੈ ਕੀ ਕੋਠੀ ਜੋ ਪੈਸੈ ਸੋ ਗਰਬਿ ਜਰੈ॥
ਰਯਤਿ ਰਾਜੇ ਕਹਾ ਸਬਾਏ ਦੁਹੁ ਅੰਤਰਿ ਸੋ ਜਾਸੀ॥
ਕਹਤ ਨਾਨਕੁ ਗੁਰ ਸਚੇ ਕੀ ਪਉੜੀ ਰਹਸੀ ਅਲਖੁ ਨਿਵਾਸੀ॥ (੧੦੧੫)